ਬੁੱਧਵਾਰ, 8 ਨਵੰਬਰ, 2023
23 ਕੱਤਕ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 159

ਨਵਾਂ ਜ਼ਮਾਨਾ

DAILY NAWAN ZAMANA • WEDNESDAY, 8 NOVEMBER, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

ਦਿੱਲੀ 'ਚ ਜ਼ਹਿਰੀਲੀ ਹਵਾ

ਬਰਦਾਸ਼ਤ ਤੋਂ ਬਾਹਰ ਹੋ ਗਿਆ, ਸਾਡਾ ਬੁਲਡੋਜ਼ਰ ਚੱਲਿਆ ਤਾਂ ਰੁਕੇਗਾ ਨਹੀਂ : ਸੁਪਰੀਮ ਕੋਰਟ

ਪਰਾਲੀ ਸਾੜਨ 'ਤੇ ਸਥਾਨਕ ਐੱਸ ਐੱਚ ਓ ਹੋਵੇਗਾ ਜ਼ਿੰਮੇਵਾਰ

ਨਵੀਂ ਦਿੱਲੀ : ਦਿੱਲੀ-ਐੱਨ ਸੀ ਆਰ ਅਤੇ ਨੇੜੇ ਦੇ ਸੂਬਿਆਂ 'ਚ ਹਵਾ ਪ੍ਰਦੂਸ਼ਣ ਨੂੰ ਲੈ ਕੇ ਸੁਪਰੀਮ ਕੋਰਟ ਨੇ ਤਿੱਖੀ ਟਿੱਪਣੀ ਕੀਤੀ ਹੈ। ਅਦਾਲਤ ਨੇ ਸਰਕਾਰ ਦੇ ਰਵੱਈਏ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਪ੍ਰਦੂਸ਼ਣ ਨਾਲ ਨਜਿੱਠਣ ਲਈ ਕੋਈ ਸਪੱਸ਼ਟ ਦਿਸ਼ਾ-ਨਿਰਦੇਸ਼ ਨਹੀਂ ਹਨ। ਇਸ ਮਾਮਲੇ 'ਤੇ ਸਿਰਫ਼ ਇੱਕ-ਦੂਜੇ 'ਤੇ ਦੋਸ਼ ਲਾਉਣ ਦੀ ਖੇਡ ਖੇਡੀ ਜਾ ਰਹੀ ਹੈ। ਅਦਾਲਤ ਨੇ ਮੰਗਲਵਾਰ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਆਦੇਸ਼ ਦਿੱਤਾ ਕਿ ਦੀਵਾਲੀ ਮੌਕੇ ਪਟਾਕੇ ਚਲਾਉਣ ਲਈ ਦਿੱਤੇ ਆਦੇਸ਼ ਦਾ ਪਾਲਣ ਕਰਾਉਣ। ਅਦਾਲਤ ਨੇ ਸੂਬਿਆਂ ਨੂੰ ਨਸੀਹਤ ਦਿੰਦੇ ਹੋਏ ਕਿਹਾ ਕਿ ਇਸ ਮੁੱਦੇ 'ਤੇ ਕੋਈ ਰਾਜਨੀਤੀ ਨਹੀਂ ਹੋਣੀ ਚਾਹੀਦੀ। ਅਦਾਲਤ ਨੇ ਇਸ ਦੌਰਾਨ ਰਾਜਸਥਾਨ ਸਰਕਾਰ ਨੂੰ ਵੀ ਆਦੇਸ਼ ਦਿੱਤਾ ਕਿ ਉਹ ਦੀਵਾਲੀ ਦੌਰਾਨ ਪਟਾਕੇ ਚਲਾਉਣ ਨੂੰ ਲੈ ਕੇ ਦਿੱਤੇ ਉਸ ਦੇ ਪੁਰਾਣੇ ਆਦੇਸ਼ ਦਾ ਪਾਲਣ ਕਰੇ। ਕੋਰਟ ਨੇ ਕਿਹਾ ਕਿ ਰਾਜਸਥਾਨ ਸਰਕਾਰ ਨੂੰ ਹਵਾ ਪ੍ਰਦੂਸ਼ਣ ਘੱਟ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ। ਕੋਰਟ ਨੇ ਕਿਹਾ ਕਿ ਇਹ ਹਰ ਕਿਸੇ ਦਾ ਫਰਜ਼ ਹੈ ਕਿ ਪ੍ਰਦੂਸ਼ਣ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰੇ।

ਕੋਰਟ ਨੇ ਕਿਹਾ ਕਿ ਪਰਾਲੀ ਸਾੜਨ 'ਤੇ ਰੋਕ ਲਈ ਰਾਜਸਥਾਨ, ਯੂ ਪੀ, ਹਰਿਆਣਾ ਅਤੇ ਪੰਜਾਬ ਨੂੰ ਕਦਮ ਚੁੱਕਣੇ ਹੋਣਗੇ। ਇਹੀ ਨਹੀਂ ਬੈਂਚ ਨੇ ਵਿਵਸਥਾ ਦਿੱਤੀ ਕਿ ਪਰਾਲੀ ਸਾੜਨ 'ਤੇ ਰੋਕ ਦੀ ਜ਼ਿੰਮੇਵਾਰੀ ਸਥਾਨਕ ਐੱਸ ਐੱਚ ਓ ਦੀ ਹੋਵੇਗੀ। ਉਨ੍ਹਾਂ ਨੂੰ ਇਹ ਕੰਮ ਕਰਨਾ ਹੋਵੇਗਾ ਅਤੇ ਪੂਰੇ ਮਾਮਲੇ ਦੀ ਨਿਗਰਾਨੀ ਖੁਦ ਮੁੱਖ ਸਕੱਤਰ ਕਰਨਗੇ।

ਕੋਰਟ ਨੇ ਕਿਹਾ ਕਿ ਪ੍ਰਦੂਸ਼ਣ ਦੇ ਮਾਮਲੇ ਨੂੰ ਹਰ ਕੋਈ ਅੱਗੇ ਵਧਾ ਦੇਣਾ ਚਾਹੁੰਦਾ ਹੈ, ਇਸ 'ਤੇ ਕੋਈ ਕਦਮ ਨਹੀਂ ਉਠਾ ਰਿਹਾ। ਜ਼ਿਕਰਯੋਗ ਹੈ ਕਿ ਦਿੱਲੀ ਸਰਕਾਰ ਵੱਲੋਂ ਕਈ ਵਾਰ ਕਿਹਾ ਜਾ ਚੁੱਕਾ ਹੈ ਕਿ ਰਾਜਧਾਨੀ 'ਚ ਪ੍ਰਦੂਸ਼ਣ ਦਾ ਕਾਰਨ ਹਰਿਆਣਾ, ਯੂ ਪੀ 'ਚ ਪਰਾਲੀ ਨੂੰ ਸਾੜਿਆ ਜਾਣਾ ਹੈ। ਇਸ ਤੋਂ ਇਲਾਵਾ ਬਾਹਰ ਤੋਂ ਆਉਣ ਵਾਲੇ ਵਾਹਨਾਂ ਨੂੰ ਵੀ ਦਿੱਲੀ ਸਰਕਾਰ ਪ੍ਰਦੂਸ਼ਣ ਦਾ ਜ਼ਿੰਮੇਵਾਰ ਮੰਨਦੀ ਹੈ।

ਅਦਾਲਤ ਨੇ ਕਿਹਾ ਕਿ ਲੋਕ ਪਟਾਕੇ ਖਰੀਦਦੇ ਹਨ ਤਾਂ ਉਨ੍ਹਾਂ ਨੂੰ ਚਲਾਉਂਦੇ ਵੀ ਹਨ। ਇਸ ਲਈ ਉਨ੍ਹਾਂ ਦੀ ਵਿਕਰੀ ਅਤੇ ਬਣਾਉਣ 'ਤੇ ਹੀ ਰੋਕ ਲੱਗਣੀ ਚਾਹੀਦੀ ਹੈ। ਸਿਖਰਲੀ ਅਦਾਲਤ ਨੇ ਇਹ ਵੀ ਕਿਹਾ ਕਿ ਇਹ ਗਲਤ ਧਾਰਨਾ ਹੈ ਕਿ ਪ੍ਰਦੂਸ਼ਣ ਨੂੰ ਰੋਕਣ ਲਈ ਅਦਾਲਤ ਹੈ। ਇੱਥੇ ਹੀ ਵਾਤਾਵਰਣ ਨਾਲ ਜੁੜੇ ਮਾਮਲੇ ਕਿਉਂ ਆਉਂਦੇ ਹਨ। ਇਹ ਹਰ ਕਿਸੇ ਦੀ ਜ਼ਿੰਮੇਵਾਰੀ ਹੈ ਕਿ ਇਹ ਹਵਾ ਅਤੇ ਆਵਾਜ਼ ਪ੍ਰਦੂਸ਼ਣ ਨੂੰ ਘੱਟ ਕਰੇ। ਅਸਲ 'ਚ ਕੋਰਟ ਵਿੱਚ ਇੱਕ ਅਰਜ਼ੀ ਦਾਖ਼ਲ ਹੋਈ, ਜਿਸ 'ਚ ਅਦਾਲਤ ਤੋਂ ਇਹ ਮੰਗ ਕੀਤੀ ਸੀ ਕਿ ਰਾਜਸਥਾਨ ਸਰਕਾਰ ਨੂੰ ਪ੍ਰਦੂਸ਼ਣ ਰੋਕਣ ਲਈ ਕਦਮ ਚੁੱਕਣ ਦਾ ਆਦੇਸ਼ ਦਿੱਤਾ ਜਾਵੇ। ਇਸੇ 'ਤੇ ਸੁਣਵਾਈ ਕਰਦੇ ਹੋਏ ਕੋਰਟ ਨੇ ਤਿੱਖੀ ਟਿੱਪਣੀ ਕੀਤੀ।

ਵਿਧਾਨ ਸਭਾ ਚੋਣਾਂ

ਛੱਤੀਸਗੜ੍ਹ 70.78, ਮਿਜ਼ੋਰਮ 'ਚ 77.4 ਫੀਸਦੀ ਵੋਟਿੰਗ

ਨਵੀਂ ਦਿੱਲੀ : ਛੱਤੀਸਗੜ੍ਹ ਵਿਧਾਨ ਸਭਾ ਚੋਣਾਂ ਦੇ ਪਹਿਲੇ ਗੇੜ 'ਚ 20 ਸੀਟਾਂ 'ਤੇ ਵੋਟਿੰਗ ਮੰਗਲਵਾਰ ਹੋਈ, ਜੋ ਸ਼ਾਮ ਪੰਜ ਵਜੇ ਖ਼ਤਮ ਹੋਈ। ਸੂਬੇ 'ਚ 70.87 ਫੀਸਦੀ ਵੋਟਿੰਗ ਹੋਈ। ਇਸ ਦੌਰਾਨ ਸੂਬੇ 'ਚ ਕਈ ਥਾਵਾਂ 'ਤੇ ਇੱਕਾ-ਦੁੱਕਾ ਘਟਨਾਵਾਂ ਵੀ ਦੇਖਣ ਨੂੰ ਮਿਲੀਆਂ। ਸੁਕਮਾ ਜ਼ਿਲ੍ਹੇ 'ਚ ਨਕਸਲੀਆਂ ਨੇ ਆਈ ਈ ਡੀ ਧਮਾਕਾ ਕੀਤਾ, ਜਿਸ 'ਚ ਸੀ ਆਰ ਪੀ ਐੱਫ ਦਾ ਇੱਕ ਕਮਾਂਡੋ ਜ਼ਖ਼ਮੀ ਹੋ ਗਿਆ। ਉਥੇ ਹੀ ਸੁਕਮਾ ਜ਼ਿਲ੍ਹੇ ਦੇ ਬਾਂਡਾ ਪੋਲਿੰਗ ਬੂਥ ਕੋਲ ਨਕਸਲੀਆਂ ਅਤੇ ਸੁਰੱਖਿਆ ਮੁਲਾਜ਼ਮਾਂ ਵਿਚਾਲੇ ਗੋਲੀਬਾਰੀ ਵੀ ਹੋਈ। ਨਰਾਇਣ ਜ਼ਿਲ੍ਹੇ ਦੇ ਓਰਛਾ ਥਾਣਾ ਖੇਤਰ 'ਚ ਸੁਰੱਖਿਆ ਬਲਾਂ ਅਤੇ ਨਕਸਲੀਆਂ ਵਿਚਾਲੇ ਇੱਕ ਹੋਰ ਮੁਕਾਬਲਾ ਹੋਇਆ। ਪੁਲਸ ਦਾ ਕਹਿਣਾ ਹੈ ਕਿ ਇਨ੍ਹਾਂ ਦੋਵਾਂ ਘਟਨਾਵਾਂ 'ਚ ਸੁਰੱਖਿਆ ਬਲ ਦਾ ਕੋਈ ਨੁਕਸਾਨ ਨਹੀਂ ਹੋਇਆ। ਪਹਿਲੇ ਗੇੜ 'ਚ ਜਿਨ੍ਹਾ 20 ਸੀਟਾਂ 'ਤੇ ਚੋਣ ਹੋਈ, ਉਨ੍ਹਾਂ 'ਚੋਂ 10 'ਤੇ ਸਵੇਰੇ 7 ਵਜੇ ਵੋਟਿੰਗ ਸ਼ੁਰੂ ਹੋਈ ਅਤੇ ਦੁਪਹਿਰ ਤਿੰਨ ਵਜੇ ਖ਼ਤਮ ਹੋ ਗਈ। ਬਾਕੀ 10 ਸੀਟਾਂ 'ਤੇ ਵੋਟਿੰਗ ਸਵੇਰੇ 8 ਵਜੇ ਸ਼ੁਰੂ ਹੋਈ ਅਤੇ ਸ਼ਾਮ 5 ਵਜੇ ਖ਼ਤਮ ਹੋਈ।

ਵਿਧਾਨ ਸਭਾ ਚੋਣਾਂ ਦੇ ਪਹਿਲੇ ਪੜਾਅ ਦੀ ਵੋਟਿੰਗ ਸਵੇਰੇ ਪੁਲਸ ਅਤੇ ਨੀਮ ਫੌਜੀ ਬਲਾਂ ਦੀ ਸਖਤ ਸੁਰੱਖਿਆ ਦੇ ਪਹਿਰੇ ਹੇਠ ਸ਼ੁਰੂ ਹੋਈ। ਸੁਕਮਾ ਜ਼ਿਲ੍ਹੇ 'ਚ ਗਸ਼ਤ ਦੌਰਾਨ ਇੱਕ ਬਾਰੂਦੀ ਸੁਰੰਗ ਧਮਾਕੇ ਵਿੱਚ ਸੀ ਆਰ ਪੀ ਐੱਫ ਦਾ ਕਮਾਂਡੋ ਜ਼ਖਮੀ ਹੋ ਗਿਆ।

ਇਸ ਵਿਧਾਨ ਸਭਾ ਚੋਣ 'ਚ ਮਹਿਲਾ ਪੁਲਸ 'ਚ ਤਾਇਨਾਤ ਸੁਮਿੱਤਰਾ ਨੇ ਵੀ ਨਾਰਾਇਣਪੁਰ ਚੋਣ ਖੇਤਰ ਤੋਂ ਆਪਣੀ ਵੋਟ ਪਾਈ। ਉਹ 2018 'ਚ ਨਕਸਲੀ ਸੰਗਠਨ ਛੱਡ ਕੇ ਪੁਲਸ 'ਚ ਸ਼ਾਮਲ ਹੋਈ ਸੀ। ਸੁਮਿੱਤਰਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਨਰਾਇਣਪੁਰ 'ਚ ਮਾਓਵਾਦੀਆਂ ਦੀ ਆਮਦਈ ਏਰੀਆ ਕਮੇਟੀ 'ਚ ਕਮਾਂਡਰ ਦੇ ਰੂਪ 'ਚ ਸਰਗਰਮ ਸੀ ਅਤੇ ਦਸੰਬਰ 2018 'ਚ ਉਸ ਨੇ ਨਕਸਲੀ ਸੰਗਠਨ ਛੱਡ ਦਿੱਤਾ ਸੀ। ਸੁਮਿੱਤਰਾ ਨੇ ਕਿਹਾ, 'ਮੈਂ ਜਨਵਰੀ 2019 'ਚ ਪੁਲਸ ਬਲ 'ਚ ਸ਼ਾਮਲ ਹੋਈ। ਮੈਨੂੰ ਖੁਸ਼ੀ ਹੈ ਕਿ ਮੈਂ ਪਹਿਲੀ ਵਾਰ ਆਪਣੇ ਵੋਟ ਦਾ ਇਸਤੇਮਾਲ ਕੀਤਾ।'

ਅਧਿਕਾਰੀਆਂ ਨੇ ਦੱਸਿਆ ਕਿ ਪਹਿਲੇ ਗੇੜ 'ਚ ਕੁੱਲ 90 ਵਿਧਾਨ ਸਭਾ ਸੀਟਾਂ 'ਚੋਂ 20 'ਤੇ 25 ਮਹਿਲਾਵਾ ਸਮੇਤ 223 ਉਮੀਦਵਾਰ ਮੈਦਾਨ 'ਚ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਪਹਿਲੇ ਗੇੜ ਦੀਆਂ 20 ਸੀਟਾਂ 'ਚੋਂ 12 ਅਨੁਸੂਚਿਤ ਜਨਜਾਤੀ ਲਈ ਅਤੇ ਇੱਕ ਅਨੁਸੂਚਿਤ ਜਾਤੀ ਲਈ ਰਾਖਵੀਂ ਹੈ। ਸਭ ਤੋਂ ਵੱਧ ਉਮੀਦਵਾਰ ਰਾਜਨੰਦਗਾਓਂ ਖੇਤਰ 'ਚ 29 ਹਨ, ਜਦਕਿ ਸਭ ਤੋਂ ਘੱਟ ਉਮੀਦਵਾਰਾਂ ਦੀ ਗਿਣਤੀ ਚਿੱਤਰਕੋਟ ਅਤੇ ਦਾਂਤੇਵਾੜਾ ਸੀਟਾਂ 'ਤੇ ਸੱਤ-ਸੱਤ ਹੈ।

ਮਿਜ਼ੋਰਮ : ਮਿਜ਼ੋਰਮ ਦੀਆਂ 40 ਵਿਧਾਨ ਸਭਾ ਸੀਟਾਂ 'ਤੇ ਮੰਗਲਵਾਰ ਸਵੇਰੇ 7 ਵਜੇ ਵੋਟਿੰਗ ਸ਼ੁਰੂ ਹੋਈ ਅਤੇ ਸ਼ਾਮ 4 ਵਜੇ ਖ਼ਤਮ ਹੋ ਗਈ। ਸੂਬੇ 'ਚ 4 ਵਜੇ ਤੱਕ 77.04 ਫੀਸਦੀ ਵੋਟਿੰਗ ਹੋਈ। ਰਾਜਧਾਨੀ ਆਈਜੋਲ 'ਚ 47.55 ਫੀਸਦੀ ਵੋਟਿੰਗ ਹੋਈ। ਸ਼ੇਰਛਿਪ 'ਚ ਸਭ ਤੋਂ ਫਿਜ਼ਾਦਾ

● ਬਾਕੀ ਸਫ਼ਾ 2 'ਤੇ

ਹਿਮਾਚਲ 'ਚ ਬਰਫ਼ਬਾਰੀ ਦੀ ਸੰਭਾਵਨਾ

ਸ਼ਿਮਲਾ : ਹਿਮਾਚਲ ਪ੍ਰਦੇਸ਼ 'ਚ ਪਿਛਲੇ ਕੁਝ ਦਿਨਾਂ ਤੋਂ ਮੌਸਮ ਸਾਫ਼ ਬਣਿਆ ਹੋਇਆ ਹੈ। ਪ੍ਰਦੇਸ਼ ਦੇ ਕੁਝ ਹਿੱਸਿਆਂ 'ਚ ਦਿਨ ਦੇ ਸਮੇਂ ਧੁੱਪ ਰਹਿੰਦੀ ਹੈ। ਇਸ ਦੇ ਨਾਲ ਹੀ ਉਪਰਲੇ ਖੇਤਰਾਂ 'ਚ ਲੋਕਾਂ ਨੂੰ ਪੂਰੇ ਦਿਨ ਅਤੇ ਹੇਠਲੇ ਖੇਤਰਾਂ 'ਚ ਸਵੇਰੇ-ਸ਼ਾਮ ਗਰਮ ਕੱਪੜਿਆਂ ਦਾ ਸਹਾਰਾ ਲੈਣਾ ਪੈ ਰਿਹਾ ਹੈ। ਜ਼ਿਕਰਯੋਗ ਹੈ ਕਿ ਹਿਮਾਚਲ ਪ੍ਰਦੇਸ਼ 'ਚ 8 ਨਵੰਬਰ ਤੋਂ ਪੱਛਮੀ ਹਵਾਵਾਂ ਦੇ ਸਰਗਰਮ ਹੋਣ ਕਾਰਨ ਮੌਸਮ ਦੇ ਵਿਗੜਨ ਦੀ ਸੰਭਾਵਨਾ ਹੈ। ਸੂਬੇ ਦੇ ਕਈ ਹਿੱਸਿਆਂ 'ਚ ਤਿੰਨ ਦਿਨ ਬਾਰਿਸ਼ ਤੇ ਬਰਫ਼ਬਾਰੀ ਦੀ ਸੰਭਾਵਨਾ ਹੈ। ਮੌਸਮ ਕੇਂਦਰ ਸ਼ਿਮਲਾ ਅਨੁਸਾਰ ਸੂਬੇ ਦੇ ਮੈਦਾਨੀ, ਘੱਟ ਉਚਾਈ ਅਤੇ ਪਹਾੜੀਆਂ 'ਤੇ ਕੁਝ ਹਿੱਸਿਆਂ 'ਚ 8 ਤੋਂ 10 ਨਵੰਬਰ ਤੱਕ ਬਰਫ਼ਬਾਰੀ ਦੇ ਨਾਲ ਬਾਰਿਸ਼ ਹੋ ਸਕਦੀ ਹੈ। 11 ਨਵੰਬਰ ਤੋਂ ਸੂਬੇ ਦੇ ਸਾਰੇ ਹਿੱਸਿਆਂ 'ਚ ਮੌਸਮ ਸਾਫ਼ ਰਹਿਣ ਦਾ ਅਨੁਮਾਨ ਲਾਇਆ ਗਿਆ ਹੈ।

ਬਿਹਾਰ 'ਚ ਜਾਤੀਗਤ ਗਰੀਬੀ ਦੇ ਅੰਕੜੇ ਜਾਰੀ

■ 34 ਫੀਸਦੀ ਪਰਵਾਰ 6000 ਰੁਪਏ ਤੋਂ ਘੱਟ 'ਚ ਕਰ ਰਹੇ ਗੁਜ਼ਾਰਾ

ਪਟਨਾ : ਨਿਤਿਸ਼ ਸਰਕਾਰ ਨੇ ਬਿਹਾਰ ਵਿਧਾਨ ਸਭਾ 'ਚ ਜਾਤੀ ਅਤੇ ਆਰਥਿਕ ਸਰਵੇ ਦੀ ਰਿਪੋਰਟ ਪੇਸ਼ ਕਰ ਦਿੱਤੀ ਹੈ। ਮੁੱਖ ਮੰਤਰੀ ਨਿਤਿਸ਼ ਕੁਮਾਰ ਦੀ ਸਰਕਾਰ ਨੇ ਬਿਹਾਰ ਵਿਧਾਨਮੰਡਲ ਦੇ ਸਰਦ ਰੁੱਤ ਸੈਸ਼ਨ 'ਚ ਇਹ ਰਿਪੋਰਟ ਪੇਸ਼ ਕੀਤੀ। ਇਸ ਰਿਪੋਰਟ 'ਚ ਦੱਸਿਆ ਗਿਆ ਕਿ ਸੂਬੇ 'ਚ 2 ਕਰੋੜ 76 ਲੱਖ 68 ਹਜ਼ਾਰ 930 ਪਰਵਾਰਾਂ 'ਚੋਂ 34.13 ਫੀਸਦੀ, ਮਤਲਬ 94 ਲੱਖ 42 ਹਜ਼ਾਰ 786 ਪਰਵਾਰ ਗਰੀਬ ਹਨ। ਇਸ ਰਿਪੋਰਟ ਮੁਤਾਬਿਕ ਸੂਬੇ ਦੀ ਕਰੀਬ ਇੱਕ ਤਿਹਾਈ ਆਬਾਦੀ ਗਰੀਬ ਹੈ। ਸੂਬੇ ਦੇ 34.13 ਫੀਸਦੀ ਪਰਵਾਰਾਂ ਦੀ ਮਹੀਨਾ ਇਨਕਮ ਸਿਰਫ਼ 6 ਹਜ਼ਾਰ ਰੁਪਏ ਹੈ। ਸਰਕਾਰ ਨੇ ਇਨ੍ਹਾ ਨੂੰ ਗਰੀਬੀ ਸ਼੍ਰੇਣੀ 'ਚ ਰੱਖਿਆ ਹੈ। ਐੱਸ ਟੀ ਵਰਗ 'ਚ ਆਉਣ ਵਾਲੀ ਮੁਸਹਾਰ ਭੂਈਆ ਵਰਗੀਆਂ ਜਾਤੀਆਂ 'ਚ ਗਰੀਬਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੈ। ਇਸ ਭਾਈਚਾਰੇ ਦੇ 54 ਫੀਸਦੀ ਲੋਕ ਗਰੀਬੀ 'ਚ ਆਪਣਾ ਜੀਵਨ ਬਤੀਤ ਕਰ ਰਹੇ ਹਨ। ਹੁਣ ਅੱਤ ਪੱਛੜਾ ਵਰਗ ਦੀ ਗੱਲ ਕਰੀਏ ਤਾਂ ਇਸ 'ਚ ਸਭ ਤੋਂ ਜ਼ਿਆਦਾ 38 ਫੀਸਦੀ ਨਾਈ ਗਰੀਬ ਹਨ। ਦੂਜੇ ਨੰਬਰ 'ਤੇ ਨੋਨੀਆ ਹੈ, ਜਿਸ 'ਚ 35 ਫੀਸਦੀ ਲੋਕ ਗਰੀਬ ਹਨ। ਇਸ ਤੋਂ ਇਲਾਵਾ ਕਹਾਰ, ਧਾਨੁਕ ਅਤੇ ਮਲਾਹ ਭਾਈਚਾਰੇ ਦੀ ਵੀ 34 ਫੀਸਦੀ ਆਬਾਦੀ ਗਰੀਬ ਹੈ। 33 ਫੀਸਦੀ ਘੁਮਿਆਰ, 29.87 ਫੀਸਦੀ ਤੇਲੀ ਅਤੇ 33 ਫੀਸਦੀ ਦੇ ਕਰੀਬ ਕਾਨੂ ਵੀ ਗਰੀਬੀ ਰੇਖਾ ਤੋਂ ਥੱਲੇ ਜੀਵਨ ਬਤੀਤ ਕਰ ਰਹੇ ਹਨ। ਸੂਬੇ 'ਚ ਲੱਗਭੱਗ 64 ਪਰਵਾਰ ਹਰ ਮਹੀਨੇ 10 ਹਜ਼ਾਰ ਰੁਪਏ ਜਾਂ ਉਸ ਤੋਂ ਘੱਟ 'ਚ ਗੁਜ਼ਾਰਾ ਚਲਾ ਰਹੇ ਹਨ। ਮੰਗਲਵਾਰ ਸਰਕਾਰ ਨੇ ਜਾਤੀ ਦੇ ਨਾਲ ਹੀ ਆਰਥਿਕ ਅਧਾਰਿਤ ਗਣਨਾ ਦੇ ਅੰਕੜੇ ਵੀ ਜਾਰੀ ਕੀਤੇ। ਸਰਵੇ ਰਿਪੋਰਟ ਮੁਤਾਬਿਕ ਬਿਹਾਰ 'ਚ ਕੁੱਲ 2.76 ਕਰੋੜ ਪਰਵਾਰਾਂ ਦੀ ਗਿਣਤੀ ਹੋਈ ਹੈ। ਇਸ 'ਚੋਂ 94.42 ਲੱਖ ਮਤਲਬ 34.13 ਫੀਸਦੀ ਪਰਵਾਰ

● ਬਾਕੀ ਸਫ਼ਾ 2 'ਤੇ

ਅਲੀਗੜ੍ਹ ਦਾ ਨਾਂਅ ਬਦਲਣ ਦਾ ਪ੍ਰਸਤਾਵ ਪਾਸ

ਨਵੀਂ ਦਿੱਲੀ : ਯੂ ਪੀ ਦੇ ਅਲੀਗੜ੍ਹ ਜ਼ਿਲ੍ਹੇ ਦਾ ਨਾਂਅ ਬਦਲਣ ਦਾ ਪ੍ਰਸਤਾਵ ਨਗਰ ਨਿਗਮ 'ਚ ਪਾਸ ਹੋ ਗਿਆ। ਹੁਣ ਇਸ ਫੈਸਲੇ 'ਤੇ ਪ੍ਰਸ਼ਾਸਨ ਦੀ ਮੋਹਰ ਦਾ ਇੰਤਜ਼ਾਰ ਹੈ। ਅਲੀਗੜ੍ਹ ਦੇ ਮੇਅਰ ਪ੍ਰਸ਼ਾਂਤ ਸਿੰਘਲ ਨੇ ਮੰਗਲਵਾਰ ਨੂੰ ਕਿਹਾ ਕਿ ਕੱਲ੍ਹ ਇੱਕ ਮੀਟਿੰਗ 'ਚ ਅਲੀਗੜ੍ਹ ਦਾ ਨਾਂਅ ਬਦਲ ਕੇ ਹਰਿਗੜ੍ਹ ਕਰਨ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਸੀ। ਸਾਰੇ ਕੌਂਸਲਰਾਂ ਨੇ ਸਹਿਮਤੀ ਦਾ ਇਸ ਦਾ ਸਮਰਥਨ ਕੀਤਾ। ਉਨ੍ਹਾ ਕਿਹਾ ਕਿ ਹੁਣ ਇਹ ਪ੍ਰਸਤਾਵ ਪ੍ਰਸ਼ਾਸਨ ਨੂੰ ਭੇਜਿਆ ਜਾਵੇਗਾ।

ਡਾਇਲ-112 ਦੀਆਂ ਮਹਿਲਾ ਮੁਲਾਜ਼ਮਾਂ ਨਾਲ ਪੁਲਸ ਨੇ ਕੀਤੀ ਖਿੱਚ-ਧੂਹ

■ ਇਹ ਹੈ ਭਾਜਪਾ ਦੇ ਨਾਰੀ ਵੰਦਨਾ ਦਾ ਸੱਚ : ਅਖਿਲੇਸ਼

ਲਖਨਊ : ਉੱਤਰ ਪ੍ਰਦੇਸ਼ 'ਚ ਐਮਰਜੈਂਸੀ ਨੰਬਰ ਡਾਇਲ 112 ਸਰਵਿਸ 'ਚ ਤਾਇਨਾਤ ਮਹਿਲਾ ਮੁਲਾਜ਼ਮਾਂ ਨੇ ਲਖਨਊ 'ਚ ਮੰਗਲਵਾਰ ਵਿਰੋਧ ਪ੍ਰਦਰਸ਼ਨ ਕੀਤਾ। ਇਸ ਦੌਰਾਨ ਜਦ ਮਹਿਲਾ ਮੁਲਾਜ਼ਮਾਂ ਨੇ ਨਾਅਰੇਬਾਜ਼ੀ ਕਰਦੇ ਹੋਏ ਮੁੱਖ ਮੰਤਰੀ ਨਿਵਾਸ ਵੱਲ ਵਧਣ ਦੀ ਕੋਸ਼ਿਸ਼ ਕੀਤੀ ਤਾਂ ਪੁਲਸ ਨੇ ਉਨ੍ਹਾ ਨੂੰ ਰਸਤੇ 'ਚ ਹੀ ਰੋਕ ਲਿਆ ਅਤੇ ਹਿਰਾਸਤ 'ਚ ਲੈ ਲਿਆ। ਇਸ ਦੌਰਾਨ ਮਹਿਲਾ ਮੁਲਾਜ਼ਮਾਂ ਅਤੇ ਪੁਲਸ ਵਿਚਾਲੇ ਕਾਫ਼ੀ ਖਿੱਚੋਤਾਣ ਹੋਈ। ਯੂ ਪੀ ਦੀ ਡਾਇਲ 112 'ਚ ਤਾਇਨਾਤ ਕਰੀਬ 600 ਮਹਿਲਾ ਮੁਲਾਜ਼ਮਾਂ ਨੇ ਤਨਖਾਹ ਵਾਧੇ ਦੀ ਮੰਗ ਨੂੰ ਲੈ ਕੇ ਕੰਮ ਬੰਦ ਕਰ ਦਿੱਤਾ, ਜਿਸ ਕਾਰਨ ਕਈ ਜ਼ਿਲ੍ਹਿਆਂ 'ਚ ਡਾਇਲ 112 ਦੀਆਂ ਸੇਵਾਵਾਂ ਠੱਪ ਹੋ ਗਈਆਂ। ਇਸ ਤੋਂ ਇਲਾਵਾ ਨਿਯੁਕਤੀ ਪੱਤਰ ਵੀ ਦਿੱਤੇ ਜਾਣ ਦੀ ਮੰਗ ਨੂੰ ਲੈ ਕੇ ਧਰਨੇ 'ਤੇ ਬੈਠ ਗਈਆਂ। ਮਹਿਲਾ ਮੁਲਾਜ਼ਮਾਂ ਦਾ ਦੋਸ਼ ਹੈ ਕਿ ਆਊਟਸੋਰਸਿੰਗ ਕੰਪਨੀ ਟੈਕ ਮਹਿੰਦਰਾ ਦਾ ਕੰਟਰੈਕਟ ਖ਼ਤਮ ਹੋ ਗਿਆ, ਜਿਸ ਤੋਂ ਬਾਅਦ ਇਸ ਦਾ ਟੈਂਡਰ ਕਿਸੇ ਨਵੀਂ ਕੰਪਨੀ ਨੂੰ ਦੇ

● ਬਾਕੀ ਸਫ਼ਾ 2 'ਤੇ

ਘਰ 'ਚ ਦਾਖ਼ਲ ਹੋ ਕੇ ਗੋਲੀਆਂ ਮਾਰ ਕੇ ਹੱਤਿਆ

ਪੱਟੀ (ਬਲਦੇਵ ਸਿੰਘ ਸੰਧੂ, ਸ਼ਮਸ਼ੇਰ ਸਿੰਘ ਯੋਧਾ)-ਤਰਨ ਤਾਰਨ ਜ਼ਿਲ੍ਹੇ ਦੇ ਥਾਣਾ ਸਦਰ ਪੱਟੀ ਅਧੀਨ ਆਉਂਦੇ ਪਿੰਡ ਘਰਿਆਲਾ 'ਚ ਉਸ ਸਮੇਂ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ, ਜਦ

ਰੋਟਰੀ ਕਲੱਬ ਰੋਇਲ ਨੇ ਝੁੱਗੀ-ਝੌਂਪੜੀਆਂ 'ਚ ਰਹਿੰਦੇ ਪਰਵਾਰਾਂ ਨੂੰ ਕੰਬਲ ਵੰਡੇ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਕੌਮਾਂਤਰੀ ਪੱਧਰ ਦੀ ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਫਿਰੋਜ਼ਪੁਰ ਰੋਇਲ ਵੱਲੋਂ ਆਉਣ ਵਾਲੀਆਂ ਸਰਦੀਆਂ ਦੇ ਮੱਦੇ ਨਜ਼ਰ ਸਥਾਨਕ ਦਾਣਾ ਮੰਡੀ ਵਿੱਚ ਝੁੱਗੀ ਚੌਪੜੀਆਂ ਵਿੱਚ ਰਹਿੰਦੇ ਕਰੀਬ 50 ਪਰਵਾਰਾਂ ਨੂੰ ਗਰਮ ਕੰਬਲ ਵੰਡੇ ਗਏ।ਕਲੱਬ ਦੇ ਪ੍ਰਧਾਨ ਗੋਪਾਲ ਸਿੰਗਲਾ ਤੇ ਸੈਕਟਰੀ ਕੁਨਾਲ ਪੁਰੀ ਦੀ ਅਗਵਾਈ ਵਿੱਚ ਕੀਤੇ ਇਸ ਲੋਕ ਭਲਾਈ ਪ੍ਰੋਜੈਕਟ ਵਿੱਚ ਸਾਬਕਾ ਪ੍ਰਧਾਨ ਸੰਦੀਪ ਤਿਵਾੜੀ, ਕੈਸ਼ੀਅਰ ਵਿਜੇ ਮੋਗਾ ਤੋਂ ਇਲਾਵਾ ਰਕੇਸ਼ ਮਨਚੰਦਾ, ਰਜੀਵ ਸ਼ਰਮਾ, ਵਿਕਾਸ ਬਜਾਜ, ਵਿਪਨ ਅਰੋੜਾ ਆਦਿ ਮੈਂਬਰਾਂ ਨੇ ਸੇਵਾ ਨਿਭਾਈ।ਕਲੱਬ ਦੇ ਪ੍ਰਧਾਨ ਗੋਪਾਲ ਸਿੰਗਲਾ ਤੇ ਸੈਕਟਰੀ ਕੁਨਾਲ ਪੁਰੀ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਸਰਦੀਆਂ ਨਾਲ ਸਬੰਧਤ ਹੋਰ ਪ੍ਰੋਜੈਕਟਾਂ ਤੋਂ ਇਲਾਵਾ ਦਿਵਾਲੀ ਦਾ ਤਿਉਹਾਰ ਵੀ ਇਨ੍ਹਾਂ ਸਲੱਮ ਬਸਤੀਆਂ ਵਿੱਚ ਰਹਿੰਦੇ ਗਰੀਬ ਪਰਿਵਾਰਾਂ ਨਾਲ ਮਨਾਇਆ ਜਾਵੇਗਾ।

ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਰ ਆਪਣੀਆਂ ਵੋਟਾਂ ਬਣਾਉਣ : ਐਡਵੋਕੇਟ ਢਿੱਲੋਂ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਉਣ ਵਾਲੀਆਂ ਚੋਣਾਂ ਲਈ ਸਾਰੇ ਯੋਗ ਵੋਟਰਾਂ ਨੂੰ ਆਪਣੀਆਂ ਵੋਟਾਂ ਪਹਿਲ ਦੇ ਅਧਾਰ 'ਤੇ ਬਣਾਉਣੀਆਂ ਚਾਹੀਦੀਆਂ ਹਨ ਤਾਂ ਜੋ ਸਹੀ, ਚੰਗੇ ਅਕਸ ਵਾਲੇ ਤੇ ਯੋਗ ਉਮੀਦਵਾਰ ਦੀ ਚੋਣ ਕੀਤੀ ਜਾ ਸਕੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਗਿੱਦੜਬਾਹਾ ਵਿਖੇ ਐਡਵੋਕੇਟ ਗੁਰਵਿੰਦਰ ਸਿੰਘ ਢਿੱਲੋਂ ਸਾਬਕਾ ਸਰਪੰਚ ਸਾਹਿਬ ਚੰਦ ਨੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਸਿੱਖਾਂ ਦੀ ਸਰਵਉੱਚ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹੋਂਦ ਵਿੱਚ ਲਿਆਉਣ ਲਈ ਸਿੱਖਾਂ ਦੀਆਂ ਕੁਰਬਾਨੀਆਂ ਭਰਿਆ ਇਤਿਹਾਸ ਹੈ। ਉਨ੍ਹਾ ਕਿਹਾ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਿੱਖ ਕੌਮ ਲਈ ਅਹਿਮ ਚੋਣਾਂ ਮੰਨੀਆਂ ਜਾਂਦੀਆਂ ਹਨ। ਉਨ੍ਹਾ ਕਿਹਾ ਕਿ ਜੋ ਵੋਟਰ ਵੋਟ ਬਣਾਉਣ ਲਈ ਰੱਖੀਆਂ ਗਈਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ, ਉਨ੍ਹਾਂ ਨੂੰ ਪਹਿਲ ਦੇ ਅਧਾਰ 'ਤੇ ਆਪਣੀ ਵੋਟ ਬਣਾਉਣੀ ਚਾਹੀਦੀ ਹੈ। ਉਨ੍ਹਾ ਕਿਹਾ ਕਿ ਵੋਟ ਬਣਾਉਣ ਲਈ ਪਿੰਡਾਂ ਵਿੱਚ ਫਾਰਮ ਪਹੁੰਚਾਏ ਜਾ ਰਹੇ ਹਨ, ਸ਼ਰਤਾਂ ਪੂਰੀਆਂ ਕਰਨ ਵਾਲੇ ਵੋਟਰ ਇਨ੍ਹਾਂ ਫਾਰਮਾਂ ਨੂੰ ਭਰ ਕੇ ਸਰਕਾਰ ਵੱਲੋਂ ਨਿਯੁਕਤ ਕੀਤੇ ਗਏ ਨੁਮਾਇੰਦਿਆਂ ਕੋਲ ਰੱਖੇ ਗਏ ਸਮੇਂ ਤੋਂ ਪਹਿਲਾਂ ਦੇ ਕੇ ਬਣਵਾ ਸਕਦੇ ਹਨ।

ਟ੍ਰੈਫਿਕ ਪੁਲਸ ਤੇ ਮੁਕਤੀਸਰ ਵੈੱਲਫੇਅਰ ਕਲੱਬ ਨੇ 100 ਤੋਂ ਵੱਧ ਵਾਹਨਾਂ 'ਤੇ ਲਗਾਏ ਰਿਫਲੈਕਟਰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਜ਼ਿਲ੍ਹਾ ਪੁਲਸ ਕਪਤਾਨ ਭਾਗੀਰਥ ਸਿੰਘ ਮੀਨਾ ਤੇ ਐੱਸ ਪੀ ਐੱਸ ਕੁਲਵੰਤ ਰਾਏ ਦੇ ਦਿਸ਼ਾ ਨਿਰਦੇਸ਼ਾਂ 'ਤੇ ਜ਼ਿਲ੍ਹਾ ਟ੍ਰੈਫਿਕ ਪੁਲਸ ਤੇ ਮੁਕਤੀਸਰ ਵੈੱਲਫੇਅਰ ਕਲੱਬ ਰਜਿ: ਨੈਸ਼ਨਲ ਐਵਾਰਡੀ ਐੱਨ ਜੀ ਓ ਵੱਲੋਂ ਡਾ. ਕੇਹਰ ਸਿੰਘ ਚੌਕ ਵਿਖੇ 100 ਤੋਂ ਵੱਧ ਵਾਹਨਾਂ 'ਤੇ ਰਿਫਲੈਕਟਰ ਲਗਾਏ ਗਏ। ਇਸ ਮੌਕੇ ਜ਼ਿਲ੍ਹਾ ਟ੍ਰੈਫਿਕ ਇੰਚਾਰਜ ਸੁਖਦੇਵ ਸਿੰਘ ਸਬ ਇੰਸਪੈਟਰ, ਸਿਟੀ ਟ੍ਰੈਫਿਕ ਇੰਚਾਰਜ ਸੁਖਵਿੰਦ ਸਿੰਘ, ਸੰਸਥਾ ਦੇ ਪ੍ਰਧਾਨ ਜਸਪ੍ਰੀਤ ਸਿੰਘ ਛਾਬੜਾ, ਸੀਨੀਅਰ ਮੈਂਬਰ ਡਾ. ਵਿਜੈ ਬਜਾਜ ਹਾਜ਼ਰ ਸਨ। ਇਸ ਦੌਰਾਨ ਸੁਖਦੇਵ ਸਿੰਘ ਨੇ ਕਿਹਾ ਕਿ ਹਰੇਕ ਵਿਅਕਤੀ ਆਪਣੇ ਵਾਹਨਾਂ 'ਤੇ ਰਿਫਲੈਕਟਰ ਲਗਾਏ ਤੇ ਤੇਜ਼ ਰਫਤਾਰ ਵਿੱਚ ਵਾਹਨ ਨਾ ਚਲਾਓ। ਜਸਪ੍ਰੀਤ ਸਿੰਘ ਛਾਬੜਾ ਨੇ ਕਿਹਾ ਕਿ ਰਾਤ ਤੇ ਧੁੰਦ ਸਮੇਂ ਸੜਕੀ ਹਾਦਸਿਆਂ ਨੂੰ ਰੋਕਣ ਲਈ ਰਿਫਲੈਕਟਰ ਲਗਾਉਣੇ ਜ਼ਰੂਰੀ ਹਨ, ਜਿਨ੍ਹਾਂ ਦੀ ਮਦਦ ਨਾਲ ਕਈ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਹੈ। ਇਸ ਮੌਕੇ ਏ ਐੱਸ ਆਈ ਮੁਕੰਦ ਸਿੰਘ, ਹੌਲਦਾਰ ਜਸਵੰਤ ਸਿੰਘ, ਗੁਰਵਿੰਦਰ ਸਿੰਘ, ਮਨਦੀਪ ਸਿੰਘ ਆਦਿ ਹਾਜ਼ਰ ਸਨ।

ਸ੍ਰੀ ਦੁਰਗਾ ਸੇਵਾ ਦਲ ਵੱਲੋਂ ਲੋੜਵੰਦ ਪਰਵਾਰਾਂ ਨੂੰ ਕੰਬਲ ਭੇਟ

ਸੰਗਰੂਰ (ਪ੍ਰਵੀਨ ਸਿੰਘ)-ਸ੍ਰੀ ਦੁਰਗਾ ਸੇਵਾ ਦਲ, ਲੰਗਰ ਭਵਨ ਸਿਵਲ ਹਸਪਤਾਲ ਸੰਗਰੂਰ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਰਦੀ ਤੋਂ ਬਚਣ ਲਈ ਝੁੱਗੀਆਂ ਝੌਂਪੜੀਆਂ ਵਿੱਚ ਰਹਿੰਦੇ ਲੋੜਵੰਦ ਪਰਵਾਰਾਂ ਲਈ ਕੰਬਲ ਵੰਡ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਪ੍ਰਸਿੰਧ ਉਦਯੋਗਪਤੀ ਸ੍ਰੀ ਦੀਪਕ ਜਿੰਦਲ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਸਮਾਗਮ ਦੀ ਪ੍ਰਧਾਨਗੀ ਸ੍ਰੀ ਸੰਜੇ ਗੁਪਤਾ ਨੇ ਕੀਤੀ ਤੇ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ੍ਰੀ ਗੋਪਾਲ ਦਾਸ ਗੋਇਲ ਤੇ ਵਾਤਾਵਰਣ ਪ੍ਰੇਮੀ ਸ੍ਰੀ ਰੋਸ਼ਨ ਗਰਗ ਹਾਜ਼ਰ ਹੋਏ। ਇਸ ਮੌਕੇ ਦੀਪਕ ਜਿੰਦਲ ਨੇ ਸੰਸਥਾ ਨੂੰ ਇਸ ਕਾਰਜ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਸੰਸਥਾ ਵੱਲੋਂ ਪਿਛਲੇ 20 ਸਾਲਾਂ ਤੋਂ ਮਰੀਜ਼ਾਂ ਤੇ ਉਨ੍ਹਾਂ ਦੀ ਦੇਖ-ਰੇਖ ਕਰਨ ਵਾਲੇ ਵਿਅਕਤੀਆਂ ਲਈ ਪੂਰੇ ਦਿਨ ਦੇ ਭੋਜਨ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਸ ਮੌਕੇ ਸੰਜੇ ਗੁਪਤਾ ਨੇ ਆਪਣੇ ਪਿਤਾ ਹਕੂਮਤ ਰਾਏ ਗੁਪਤਾ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਲੋੜਵੰਦ ਪਰਵਾਰਾਂ ਨੂੰ 50 ਕੰਬਲ ਭੇਟ ਕੀਤੇ। ਇਸ ਮੌਕੇ ਵਿਸ਼ੇਸ਼ ਮਹਿਮਾਨ ਗੋਪਾਲ ਦਾਸ ਗੋਇਲ ਨੇ ਕਿਹਾ ਕਿ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਹਰ ਤਰ੍ਹਾਂ ਦੇ ਸਮਾਜ ਸੇਵੀ ਕੰਮ ਕੀਤੇ ਜਾਂਦੇ ਹਨ, ਜਿਸ ਨਾਲ ਮੈਨੂੰ ਇੱਥੇ ਆ ਕੇ ਖੁਸ਼ੀ ਮਹਿਸੂਸ ਹੁੰਦੀ ਹੈ। ਇਸ ਮੌਕੇ ਸੰਸਥਾ ਦੇ ਪ੍ਰਧਾਨ ਅਰੂਪ ਸਿੰਗਲਾ ਨੇ ਦੱਸਿਆ ਕਿ ਸੰਸਥਾ ਵੱਲੋਂ ਅੱਜ 231 ਲੋੜਵੰਦ ਪਰਵਾਰਾਂ ਨੂੰ ਕੰਬਲ ਤੇ ਦੀਵਾਲੀ ਦੀ ਖੁਸ਼ੀ ਵਿੱਚ ਮਠਿਆਈ ਦੇ ਡੱਬੇ ਵੰਡੇ ਗਏ ਹਨ। ਇਸ ਦੇ ਨਾਲ ਹੀ ਸਰਕਾਰ ਵੱਲੋਂ ਚਲਾਏ ਜਾ ਰਹੇ ਨਸ਼ਾ ਛੁਡਾਓ ਕੇਂਦਰ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਕੁਸ਼ਟ ਆਸ਼ਰਮ ਵਿਖੇ ਵੀ ਭੋਜਨ ਪਹੁੰਚਾਇਆ ਜਾਂਦਾ ਹੈ। ਉਨ੍ਹਾ ਇਸ ਕਾਰਜ ਨੂੰ ਸਫਲ ਕਰਨ ਵਾਲੇ ਦਾਨੀ ਸੱਜਣਾਂ ਦਾ ਵੀ ਧੰਨਵਾਦ ਕੀਤਾ। ਇਸ ਮੌਕੇ ਸੰਸਥਾ ਵੱਲੋਂ ਮੁੱਖ ਮਹਿਮਾਨ ਨੂੰ ਸਨਮਾਨਤ ਵੀ ਕੀਤਾ ਗਿਆ।

ਐੱਮ ਜੀ ਐੱਮ ਦੇ ਸੀਨੀਅਰ ਲੀਡਰਜ਼ ਨੇ ਵਿਦਿਆਰਥੀਆਂ ਨੂੰ ਟਰੈਕ ਸੂਟ ਵੰਡੇ

ਨਾਭਾ (ਵਰਿੰਦਰ ਵਰਮਾ)-ਐੱਮ ਜੀ ਐੱਮ ਦੇ ਸੀਨੀਅਰ ਲੀਡਰਜ਼ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ ਅਕੌਤ ਦੇ 55 ਵਿਦਿਆਰਥੀਆਂ ਨੂੰ ਆਪਣੀ ਨੇਕ ਕਮਾਈ ਵਿੱਚੋਂ ਟਰੈਕ ਸੂਟ ਵੰਡੇ ਗਏ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਤੇ ਖੇਡਾਂ ਵਿੱਚ ਹੋਰ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਅੱਗੇ ਤੋਂ ਵੀ ਸਮਾਜ ਭਲਾਈ ਦੇ ਕਾਰਜ ਕਿੱਥੇ ਜਾਣਗੇ। ਭਵਿੱਖ ਵਿੱਚ ਹਰ ਤਰ੍ਹਾਂ ਦੀ ਸਕੂਲ ਨੂੰ ਮਦਦ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਸਕੂਲ ਇੰਚਾਰਜ ਮੈਡਮ ਰਜਨੀ ਘਈ ਤੇ ਮਾਸਟਰ ਹਰਪਾਲ ਸਿੰਘ ਵੱਲੋਂ ਸੁਖਦੀਪ ਸਿੰਘ ਤੇ ਉਨ੍ਹਾਂ ਦੀ ਪੂਰੀ ਟੀਮ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਤੇ ਕਿਹਾ ਕਿ ਹਰ ਸੰਸਥਾਵਾਂ ਦੇ ਅਹੁਦੇਦਾਰਾਂ ਤੇ ਹਰ ਇਨਸਾਨ ਨੂੰ ਵਧ ਚੜ੍ਹ ਕੇ ਜ਼ਰੂਰਤਮੰਦਾਂ ਦੀ ਮਦਦ ਕਰਨੀ ਚਾਹੀਦੀ ਹੈ। ਇਸ ਮੌਕੇ ਡਾਕਟਰ ਸਤਪਾਲ ਸਿੰਘ, ਡਾਕਟਰ ਹਬੀਬ ਖਾਨ, ਮਿੱਠੂ ਖਾਨ, ਮੈਡਮ ਹਰਜਿੰਦਰ ਕੌਰ, ਮੈਡਮ ਕੁਲਵਿੰਦਰਜੀਤ ਕੌਰ ਮੌਜੂਦ ਸਨ।

ਵਿਧਾਇਕ ਬੱਗਾ ਵੱਲੋਂ ਆਰ ਐੱਮ ਸੀ ਰੋਡ ਦਾ ਉਦਘਾਟਨ

ਲੁਧਿਆਣਾ (ਜੱਸਦੀਪ ਵਰਤੀਆਂ)-ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਤੋਂ ਵਿਧਾਇਕ ਮਦਨ ਲਾਲ ਬੱਗਾ ਵੱਲੋਂ ਵਾਰਡ ਨੰਬਰ 1 ਅਧੀਨ ਭਾਰਤੀ ਕਲੋਨੀ ਤੇ ਬਾਜ਼ੀਗਰ ਡੇਰੇ ਵਿੱਚ ਨਵੀਆਂ ਆਰ.ਐੱਮ.ਸੀ. ਸੜਕਾਂ ਦਾ ਉਦਘਾਟਨ ਕੀਤਾ ਗਿਆ। ਵਿਧਾਇਕ ਬੱਗਾ ਨੇ ਦੱਸਿਆ ਕਿ ਇਨ੍ਹਾਂ ਸੜਕਾਂ ਦੀ ਹਾਲਤ ਬੀਤੇ ਕਾਫ਼ੀ ਸਮੇਂ ਤੋਂ ਤਰਸਯੋਗ ਬਣੀ ਹੋਈ ਸੀ ਤੇ ਰਾਹਗੀਰਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਇਲਾਕੇ ਦੀ ਸਾਰ ਨਹੀਂ ਲਈ ਗਈ, ਪਰ ਹੁਣ ਸੜਕ ਦੇ ਨਿਰਮਾਣ ਤੋਂ ਬਾਅਦ ਆਵਾਜਾਈ ਸੁਚਾਰੂ ਢੰਗ ਨਾਲ ਚੱਲੇਗੀ। ਹਲਕਾ ਲੁਧਿਆਣਾ ਉੱਤਰੀ ਨੂੰ ਵਿਕਾਸ ਪੱਖੋਂ ਮੋਹਰੀ ਬਣਾਉਣ ਦੇ ਲਈ ਵਚਨਬੱਧਤਾ ਦੁਹਰਾਉਂਦੇ ਹੋਏ ਵਿਧਾਇਕ ਬੱਗਾ ਤੇ ਉਨ੍ਹਾਂ ਦੀ ਟੀਮ ਨੇ ਕਿਹਾ ਕਿ ਨਵੀਂ ਸੜਕ ਦਾ ਨਿਰਮਾਣ ਜੰਗੀ ਪੱਧਰ 'ਤੇ ਕਰਵਾਇਆ ਜਾਵੇਗਾ। ਉਨ੍ਹਾ ਕਿਹਾ ਕਿ ਸਾਡੀ ਕੋਸ਼ਿਸ਼ ਹੈ ਕਿ ਹਲਕੇ 'ਚ ਕੋਈ ਸੜਕ ਮੁਰੰਮਤ ਤੋਂ ਵਾਂਝੀ ਨਾ ਰਹੇ। ਉਨ੍ਹਾ ਕਿਹਾ ਕਿ ਪਿੰਡਾਂ ਦੇ ਨਾਲ ਸ਼ਹਿਰਾਂ ਵਿੱਚ ਵੀ ਸੜਕ ਕੁਨੈਕਟੀਵਿਟੀ ਨੂੰ ਚੰਗਾ ਬਣਾਉਣ ਦੇ ਲਈ ਲਗਾਤਾਰ ਸਾਡੀ ਸਰਕਾਰ ਵੱਲੋਂ ਯਤਨ ਕੀਤੇ ਜਾ ਰਹੇ ਹਨ।

ਸਰਕਾਰੀ ਅਮਲੇ ਵੱਲੋਂ ਵੋਟਾਂ ਬਣਾਉਣ ਦਾ ਟਾਈਮ ਵਧਾਉਣ ਦੀ ਮੰਗ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਬੀ ਐੱਲ ਓ ਤੇ ਆਂਗਨਵਾੜੀ, ਪਿੰਡਾਂ ਦੇ ਸਕੂਲ ਟੀਚਰਾਂ ਰਾਹੀਂ ਬਣਾਉਣ ਲਈ ਹੁਕਮ ਜਾਰੀ ਕਰਨ ਸਬੰਧੀ ਇਕ ਮੰਗ ਪੱਤਰ ਡੀ ਸੀ ਫਿਰੋਜ਼ਪੁਰ ਰਾਜੇਸ਼ ਧੀਮਾਨ ਨੂੰ ਰਾਹੀਂ ਸ਼੍ਰੀ ਚਾਂਦ ਪ੍ਰਕਾਸ਼ ਇਲੈਕਸ਼ਨ ਤਹਿਸੀਲਦਾਰ ਨੂੰ ਸੌਂਪਿਆ ਗਿਆ, ਜਿਸ ਵਿੱਚ ਮੰਗ ਕੀਤੀ ਗਈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ, ਜੋ 21 ਅਕਤੂਬਰ ਤੋਂ 15 ਨਵੰਬਰ 2023 ਤੱਕ ਬਨਣੀਆਂ ਸਨ, ਪਰ ਹਫਤੇ ਤੋਂ ਜ਼ਿਆਦਾ ਤਾਂ ਇਹ ਤਹਿ ਨਹੀਂ ਹੋਇਆ ਸੀ ਵੋਟਾਂ ਕੌਣ ਬਣਾਏਗਾ ਤੇ ਅੱਜ ਵੀ ਪਿੰਡਾਂ ਵਿੱਚ ਵੋਟਾਂ ਬਣਾਉਣ ਲਈ ਕੋਈ ਮੁਲਾਜ਼ਮ ਨਹੀਂ ਪਹੁੰਚ ਰਿਹਾ, ਸਗੋਂ ਇਹ ਕਿਹਾ ਜਾ ਰਿਹਾ ਹੈ ਕਿ ਫਾਰਮ ਭਰ ਕੇ ਦਫਤਰਾਂ ਵਿੱਚ ਪਹੁੰਚਾਏ ਜਾਣ।ਪਿੰਡਾਂ ਦੇ ਲੋਕਾਂ ਨੂੰ ਵੋਟਾਂ ਬਣਾਉਣ ਸਬੰਧੀ ਪੂਰੀ ਜਾਣਕਾਰੀ ਨਾ ਹੋਣ ਕਾਰਨ ਤੇ ਮੌਕੇ 'ਤੇ ਫਸਲ ਦੀ ਕਟਾਈ ਕਾਰਨ ਵੋਟਾਂ ਨਹੀਂ ਬਣ ਰਹੀਆਂ।ਜਿਸ ਤਰ੍ਹਾਂ ਦੂਸਰੀਆਂ ਵੋਟਾਂ ਬੀਐੱਲਓ ਆਂਗਨਵਾੜੀ ਜਾਂ ਟੀਚਰਾਂ ਰਾਹੀਂ ਪਿੰਡ ਵਿੱਚ ਮੁਨਿਆਦੀ ਕਰਵਾ ਕੇ ਬਣਾਈਆਂ ਜਾਂਦੀਆਂ ਸਨ, ਉਸ ਤਰ੍ਹਾਂ ਹੀ ਪਿੰਡਾਂ ਵਿੱਚ ਜਾ ਕੇ ਵੋਟਾਂ ਬਣਾਈਆਂ ਜਾਣ ਤਾਂ ਕਿ ਇਹ ਵੋਟਾਂ ਬਣ ਸਕਣ।ਇਸ ਲਈ ਤੁਰੰਤ ਹੁਕਮ ਜਾਰੀ ਕੀਤਾ ਜਾਵੇ ਤੇ ਜਲਦ ਤੋਂ ਜਲਦ ਪਿੰਡਾਂ ਵਿੱਚ ਡਿਊਟੀਆਂ ਲਗਾਈਆ ਜਾਣ।ਇਸ ਮੌਕੇ ਉਨ੍ਹਾਂ ਨਾਲ ਤੇਜਿੰਦਰ ਸਿੰਘ ਦਿਓਲ ਯੂਥ ਪ੍ਰਧਾਨ ਪੰਜਾਬ, ਜਤਿੰਦਰ ਸਿੰਘ ਥਿੰਦ ਮੈਂਬਰ ਪੀਏਸੀ, ਜਗਜੀਤ ਸਿੰਘ ਸ਼ੁਸ਼ਕ ਦਫਤਰ ਸਕੱਤਰ ਫਿਰੋਜ਼ਪੁਰ, ਕਰਤਾਰ ਸਿੰਘ ਸਰਕਲ ਪ੍ਰਧਾਨ ਆਰਿਫਕੇ, ਸੁੱਚਾ ਸਿੰਘ ਸੀਨੀਅਰ ਆਗੂ ਹਾਜ਼ਰ ਸਨ।

ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਵੱਲੋਂ 18 ਨੂੰ ਕਾਲੇ ਚੋਲੇ ਪਾ ਕੇ ਕੀਤਾ ਜਾਵੇਗਾ ਰੋਸ ਮਾਰਚ : ਗੁਰਜੰਟ ਕੋਕਰੀ

ਮੋਗਾ (ਅਮਰਜੀਤ ਬੱਬਰੀ)-ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਬੱਸ ਸਟੈਂਡ ਮੋਗਾ ਵਿਖੇ ਸੂਬਾ ਕਨਵੀਨਰ ਗੁਰਜੰਟ ਸਿੰਘ ਕੋਕਰੀ ਦੀ ਅਗਵਾਈ ਵਿੱਚ ਕੀਤੀ ਗਈ।ਜਿਸ ਵਿੱਚ ਸੂਬਾ ਕਨਵੀਨਰ ਗੁਰਜੰਟ ਸਿੰਘ ਕੋਕਰੀ, ਕੋ ਕਨਵੀਨਰ ਟਹਿਲ ਸਿੰਘ ਸਰਾਭਾ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਕੰਵਲਜੀਤ ਸਿੰਘ ਰੋਪੜ, ਡਿੰਪਲ ਰੁਹੇਲਾ ਵੱਲੋਂ ਸਾਂਝਾ ਬਿਆਨ ਜਾਰੀ ਕਰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 18 ਨਵੰਬਰ 2022 ਦੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਦੇ ਨੋਟੀਫਿਕੇਸ਼ਨ ਦੇ 11 ਮਹੀਨੇ ਬੀਤ ਜਾਣ ਦੇ ਬਾਵਜੂਦ ਪੰਜਾਬ ਦੇ 01-01-2004 ਤੋਂ ਬਾਅਦ ਭਰਤੀ ਇਕ ਵੀ ਮੁਲਾਜ਼ਮ ਦਾ ਜੀ ਪੀ ਐਫ ਖਾਤਾ ਨਹੀਂ ਖੋਲ੍ਹਿਆ। ਜਦ ਕਿ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਲਾਗੂ ਕਰਨ ਸਬੰਧੀ ਆਪਣਾ ਪ੍ਰਚਾਰ ਧੂਮਧਾਮ ਨਾਲ ਕੀਤਾ ਜਾ ਰਿਹਾ ਹੈ।ਆਗੂਆਂ ਦੱਸਿਆ ਕਿ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚਾ ਪੰਜਾਬ ਵੱਲੋਂ ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਕਿ ਪੁਰਾਣੀ ਪੈਨਸ਼ਨ ਪ੍ਰਾਪਤੀ ਮੋਰਚੇ ਵੱਲੋਂ 18 ਨਵੰਬਰ ਨੂੰ ਸੰਗਰੂਰ ਵਿਖੇ ਸਮੂਹਿਕ ਵਫਦ ਵਲੋਂ ਕਾਲੇ ਚੋਲੇ ਪਾ ਕੇ ਰੋਸ ਮਾਰਚ ਕੀਤਾ ਜਾਵੇਗਾ।

ਇਸ ਦਿਨ ਪੰਜਾਬ ਸਰਕਾਰ ਵਲੋਂ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਜਾਰੀ ਕੀਤੇ ਨੀਫਿਕੇਸ਼ਨ ਨੂੰ ਪੂਰਾ ਇੱਕ ਸਾਲ ਹੋ ਜਾਣਾ ਹੈ। ਆਗੂਆਂ ਦੱਸਿਆ ਕਿ ਰਾਜਸਥਾਨ, ਛੱਤੀਸਗੜ੍ਹ, ਝਾਰਖੰਡ ਪਤੇ ਹਿਮਾਚਲ ਪ੍ਰਦੇਸ਼ ਸਰਕਾਰਾਂ ਵੱਲੋਂ ਨਵੀਂ ਪੈਨਸ਼ਨ ਸਕੀਮ ਅਧੀਨ ਐਨ ਪੀ ਐਸ ਦੀ ਕਟੌਤੀ ਬੰਦ ਕਰਕੇ ਜੀ ਪੀ ਐਫ਼

8-Nov-PAGE-3.qxd 11/7/2023 10:28 PM Page 1

ਚਾਰ ਸਰਕਾਰਾਂ ਆਈਆਂ ਤੇ ਗਈਆਂ ਪਰ ਡੱਡੂਆਣਾ ਤੋਂ ਕੱਥੂਨੰਗਲ ਸੜਕ ਨਹੀਂ ਬਣੀ!

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਹਲਕਾ ਜੰਡਿਆਲਾ ਗੁਰੂ ਦੇ ਕਸਬਾ ਡੱਡੂਆਣਾ ਤੋਂ ਕੱਥੂਨੰਗਲ ਨੂੰ ਨਿਕਲਦੀ ਲਿੰਕ ਸੜਕ ਜੋ ਬਹੁਤ ਖਸਤਾ ਹਾਲਤ ਵਿੱਚ ਹੈ, ਅਕਸਰ ਹਾਦਸਿਆਂ ਦਾ ਸਬੱਬ ਬਣਦੀ ਰਹਿੰਦੀ ਹੈ ਅਤੇ ਇਸਨੂੰ ਚੌੜਿਆਂ ਕਰਕੇ ਬਣਾਉਣ ਦਾ ਵਾਅਦਾ 2017 ਅਤੇ 2022 ਦੀਆਂ ਚੋਣਾਂ ਵੇਲੇ ਜੇਤੂ ਰਹੇ ਉਮੀਦਵਾਰਾਂ ਵੱਲੋਂ ਵੀ ਕੀਤਾ ਗਿਆ ਸੀ ਪਰ ਅੱਜ ਤੱਕ ਇਹ ਸੜਕ ਚੌੜੀ ਕਰਕੇ ਬਣਾਉਣ ਦਾ ਵਾਅਦਾ ਪੂਰਾ ਨਹੀਂ ਹੋ ਸਕਿਆ। ਇਲਾਕੇ ਦੇ ਲੋਕਾਂ ਨੇ ਦੱਸਿਆ ਕਿ ਇਹ ਸੜਕ ਦੋਵਾਂ ਹਲਕਿਆਂ ਜੰਡਿਆਲਾ ਗੁਰੂ ਅਤੇ ਮਜੀਠਾ ਦੀ ਸਾਂਝੀ ਸੜਕ ਹੈ ਅਤੇ ਹਲਕਾ ਜੰਡਿਆਲਾ ਅਧੀਨ ਪੈਂਦੇ ਕਸਬਾ ਡੱਡੂਆਣਾ ਤੋਂ ਕੱਥੂਨੰਗਲ ਨੂੰ ਨਿਕਲਦੀ ਲਿੰਕ ਸੜਕ ਜੋ ਕੱਥੂਨੰਗਲ ਰਾਹੀਂ ਅੰਮ੍ਰਿਤਸਰ-ਪਠਾਨਕੋਟ ਹਾਈਵੇਜ ਨਾਲ ਜੁੜਦੀ ਹੈ, ਨੂੰ ਬਣਾਉਣ ਦਾ ਪਿਛਲੀਆਂ 4 ਸਰਕਾਰਾਂ ਵੱਲੋਂ ਹਰੇਕ ਚੋਣ ਵਿੱਚ ਵਾਅਦਾ ਕੀਤਾ ਗਿਆ ਸੀ ਕਿ ਪਰ ਅੱਜ ਤੱਕ ਇਹ ਵਾਅਦਾ ਵਫਾ ਨਹੀਂ ਹੋ ਸਕਿਆ। ਪਿੰਡ ਮੈਹਣੀਆਂ ਬ੍ਰਾਹਮਣਾਂ ਦੇ ਲੋਕਾਂ ਨੇ ਦੱਸਿਆ ਕਿ 2017 ਵਿੱਚਲੀਆਂ ਚੋਣਾਂ ਵੇਲੇ ਕਾਂਗਰਸ ਪਾਰਟੀ ਵੱਲੋਂ ਬਣੇ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਵੱਲੋਂ ਇਲਾਕੇ ਨਾਲ ਵਾਅਦਾ ਕੀਤਾ ਗਿਆ ਸੀ ਕਿ ਇਸ ਸੜਕ ਨੂੰ ਚੌੜਾ ਕੀਤਾ ਜਾਵੇਗਾ ਪਰ ਉਹ ਆਪਣੇ ਕਾਰਜਕਾਲ ਵਿੱਚ ਇਹ ਸੜਕ ਚੌੜੀ ਨਹੀਂ ਕਰਵਾ ਸਕੇ। 2022 'ਚ ਆਮ ਆਦਮੀ ਪਾਰਟੀ ਦੇ ਹਲਕਾ ਜੰਡਿਆਲਾ ਗੁਰੂ ਤੋਂ ਉਮੀਦਵਾਰ ਹਰਭਜਨ ਸਿੰਘ ਈਟੀਓ ਵੱਲੋਂ ਵੀ ਇਲਾਕੇ ਦੇ ਲੋਕਾਂ ਨਾਲ ਇਹ ਵਾਅਦਾ ਕੀਤਾ ਗਿਆ ਸੀ ਕਿ ਇਸ ਸੜਕ ਨੂੰ ਪਹਿਲ ਦੇ ਆਧਾਰ ਤੇ ਬਣਾਇਆ ਜਾਵੇਗਾ ਪਰ ਅਜੇ ਤੱਕ ਇਸ ਸੜਕ ਦਾ ਕੰਮ ਸ਼ੁਰੂ ਨਹੀਂ ਹੋਇਆ। ਹਲਕਾ ਮਜੀਠਾ ਦੇ ਸੀਨੀਅਰ ਆਗੂ ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਦੱਸਿਆ ਕਿ 10 ਸਾਲ ਸਰਕਾਰ ਅਕਾਲੀ ਦਲ ਦੀ ਰਹੀ ਜਦੋਂ ਹਲਕੇ ਵਿੱਚ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਸੀ ਤਾਂ ਵੀ ਇਸ ਸੜਕ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ ਤੇ ਹੁਣ ਜਦੋਂ ਜੰਡਿਆਲਾ ਹਲਕੇ ਨਾਲ ਸਬੰਧਿਤ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਹਨ ਤਾਂ ਫਿਰ ਵੀ ਕਿਉਂ ਨਹੀਂ ਇਹ ਸੜਕ ਬਣ ਰਹੀ? ਕਾਮਰੇਡ ਬਲਕਾਰ ਨੇ ਦੱਸਿਆ ਕਿ ਉਹ ਜਲਦੀ ਹੀ ਇਸ ਸੜਕ ਨੂੰ ਲੈ ਕੇ ਅੰਦੋਲਨ ਸ਼ੁਰੂ ਕਰਨਗੇ। ਇਸ ਮੌਕੇ ਹਲਕਾ ਮਜੀਠਾ ਤੋਂ ਆਪ ਦੇ ਇੰਚਾਰਜ ਸੁਖਜਿੰਦਰ ਰਾਜ ਕੇ ਸਿੰਘ ਲਾਲੀ ਮਜੀਠੀਆ ਦੀ ਧਰਮ ਪਤਨੀ ਡਾ. ਸਤਿੰਦਰ ਕੌਰ ਗਿੱਲ ਮਜੀਠੀਆ ਨੇ ਕਥੂਨੰਗਲ ਦਫਤਰ ਵਿੱਚ ਹਲਕੇ ਦੇ ਲੋਕਾਂ ਦੀਆਂ ਦੁੱਖ ਤਕਲੀਫਾਂ ਸੁਣੀਆਂ। ਇਸ ਮੌਕੇ ਜਸਮੀਤ ਸਿੰਘ ਰੰਧਾਵਾ, ਅੱਵਲ ਮਜੀਠੀਆ, ਦਲੇਰ ਸਿੰਘ ਸਾਧਪੁਰ, ਜੇ. ਈ. ਸਰਨਜੀਤ ਸਿੰਘ ਆਦਿ ਵੀ ਹਾਜ਼ਰ ਸਨ।

ਆਰ ਐੱਮ ਪੀ ਆਈ ਵੱਲੋਂ ਅਕਤੂਬਰ ਇਨਕਲਾਬ ਦੀ ਵਰ੍ਹੇਗੰਢ ਮੌਕੇ ਫਲਸਤੀਨੀ ਲੋਕਾਂ ਦੇ ਕਤਲੇਆਮ ਵਿਰੁੱਧ ਵਿਸ਼ਾਲ ਮੁਜ਼ਾਹਰਾ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ, ਸਰਬਜੋਤ ਸਿੰਘ ਸੰਧਾ)-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ(ਆਰਐੱਮਪੀਆਈ) ਵੱਲੋਂ ਇਤਿਹਾਸਕ ਘਟਨਾ ਅਕਤੂਬਰ ਇਨਕਲਾਬ ਦੀ ਵਰ੍ਹੇਗੰਢ ਮੌਕੇ ਫਲਸਤੀਨੀ ਲੋਕਾਂ ਦੇ ਇਜ਼ਰਾਈਲ ਦੀਆਂ ਫੌਜਾਂ ਵੱਲੋਂ ਬੰਬਾਰੀ ਕਰਕੇ ਕੀਤੇ ਜਾ ਰਹੇ ਕਤਲੇਆਮ ਵਿਰੁੱਧ ਵਿਸ਼ਾਲ ਇਕੱਠ ਕਰਕੇ ਬਜ਼ਾਰਾਂ ਵਿੱਚ ਮਾਰਚ ਕੀਤਾ ਗਿਆ। ਇਸ ਦੀ ਅਗਵਾਈ ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ, ਜ਼ਿਲ੍ਹਾ ਸਕੱਤਰ ਮੁਖਤਾਰ ਸਿੰਘ ਮੱਲਾ , ਸੁਲੱਖਣ ਸਿੰਘ ਤੁੜ, ਬਲਦੇਵ ਸਿੰਘ, ਪੰਡੋਰੀ, ਧਰਮ ਸਿੰਘ ਪੱਟੀ, ਦਾਰਾ ਸਿੰਘ ਮੁੰਡਾ ਪਿੰਡ ਆਦਿ ਆਗੂਆਂ ਨੇ ਕੀਤੀ। ਗਾਂਧੀ ਪਾਰਕ ਵਿੱਖੇ ਹੋਏ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਕਿਹਾ ਕਿ ਅਮਰੀਕਨ ਸਾਮਰਾਜ ਦੇ ਹਥਿਆਰਾਂ ਅਤੇ ਆਰਥਿਕ ਮੱਦਦ ਨਾਲ ਇਜ਼ਰਾਈਲੀ ਫੌਜਾਂ ਵੱਲੋਂ ਫਲਸਤੀਨੀ ਲੋਕਾਂ ਉੱਪਰ ਜ਼ੁਲਮ ਢਾਹਿਆ ਜਾ ਰਿਹਾ ਹੈ। ਹਜ਼ਾਰਾਂ ਬੇਗੁਨਾਹ ਬੱਚਿਆਂ ਸਮੇਤ ਲੋਕਾਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ। ਮੋਦੀ ਸਰਕਾਰ ਵੱਲੋਂ ਇਜ਼ਰਾਈਲ ਦੀ ਹਮਾਇਤ ਅਤੇ ਫਲਸਤੀਨੀ ਲੋਕਾਂ ਦੇ ਆਪਣੀ ਧਰਤੀ ਅਤੇ ਆਜ਼ਾਦੀ ਬਾਰੇ ਭਾਰਤ ਦੇ ਸਟੈਂਡ ਤੋਂ ਪਿੱਛੇ ਹਟਣ ਦੇ ਦੋਗਲੇ ਸਟੈਂਡ ਕਾਰਨ ਦੁਨੀਆ ਭਰ ਵਿੱਚ ਬਦਨਾਮੀ ਦਾ ਕਾਰਨ ਬਣੀ ਹੋਈ ਹੈ। ਉਨ੍ਹਾਂ ਅਕਤੂਬਰ ਮਜ਼ਦੂਰ ਇਨਕਲਾਬ ਦੀ ਇਤਿਹਾਸਕ ਜਿੱਤ ਤੋਂ ਪ੍ਰੇਰਨਾ ਲੈ ਕੇ ਗਰੀਬੀ, ਬੇਰੁਜ਼ਗਾਰੀ, ਵਾਤਾਵਰਣ ਅਤੇ ਲੋਕਾਂ ਦੇ ਹਕੀਕੀ ਦੁਸ਼ਮਣ ਸਾਮਰਾਜ, ਸਾਮਰਾਜ ਤੋਂ ਨਿਰਦੇਸ਼ਤ ਸਾਮਰਾਜੀ ਸੰਸਥਾਵਾਂ ਅਤੇ ਪੂੰਜੀਵਾਦੀ ਨਿਜ਼ਾਮ ਦਾ ਫਸਤਾ ਵੱਢਣ ਲਈ ਜਥੇਬੰਦ ਹੋ ਕੇ ਸੰਘਰਸ ਦੇ ਰਾਹ ਪੈਣ ਦਾ ਸੱਦਾ ਦਿੱਤਾ। ਜਾਮਾਰਾਏ ਨੇ ਕਿਹਾ ਕਿ ਇਹ ਅਕਤੂਬਰ ਇਨਕਲਾਬ ਦੀ ਜਿੱਤ ਨਾਲ ਹੀ ਦੁਨੀਆਂ ਭਰ ਵਿੱਚ ਆਜ਼ਾਦੀ ਸੰਗਰਾਮ ਤੇਜ਼ ਹੋਏ ਅਤੇ ਮਜ਼ਦੂਰ ਜਮਾਤ ਦੇ ਹੱਕਾਂ ਲਈ ਕਾਨੂੰਨ ਹੋਂਦ ਵਿੱਚ ਆਏ ਅਤੇ ਮਜ਼ਦੂਰਾਂ ਨੂੰ ਅੱਠ ਘੰਟੇ ਦੀ ਦਿਹਾੜੀ, ਛੁੱਟੀਆਂ, ਸਿਹਤ ਸੇਵਾਵਾਂ, ਪੈਨਸ਼ਨ ਸਕੀਮ ਵਰਗੀਆਂ ਸਹੂਲਤਾਂ ਨਸੀਬ ਹੋਈਆਂ। ਸੋਵੀਅਤ ਯੂਨੀਅਨ ਟੁੱਟਣ ਤੋਂ ਬਾਅਦ ਸਾਮਰਾਜੀ ਸੰਸਥਾਵਾਂ ਦੇ ਨਿਰਦੇਸ਼ ਤੇ ਇਹ ਮਿਲਦੀਆਂ ਸਹੂਲਤਾਂ ਖੋਹੀਆਂ ਜਾ ਰਹੀਆਂ ਹਨ। ਰੂਸ ਵਿੱਚ ਵਾਪਰੇ ਉਲਟ ਇਨਕਲਾਬ ਦੀ ਘਟਨਾ ਤੋਂ ਵੀ ਮਜ਼ਦੂਰ ਜਮਾਤ ਦੀਆਂ ਪਾਰਟੀਆਂ ਨੂੰ ਸਬਕ ਸਿੱਖਣ ਦੀ ਲੋੜ ਹੈ। ਇਸ ਮੌਕੇ ਪਾਸ ਕੀਤੇ ਗਏ ਮਤਿਆਂ ਵਿੱਚ ਫਲਸਤੀਨੀ ਇਲਾਕਿਆਂ ਉੱਪਰ ਕੀਤੀ ਜਾ ਰਹੀ ਵਹਿਸ਼ੀ ਬੰਬਾਰੀ ਵਾਲੀ ਇਜ਼ਰਾਈਲੀ ਫੌਜਾਂ ਦੀ ਜੰਗ ਨੂੰ ਤੁਰੰਤ ਬੰਦ ਕਰਨ ਦੀ ਮੰਗ ਕੀਤੀ ਗਈ। ਭਾਰਤ ਸਰਕਾਰ ਤੋਂ ਫਲਸਤੀਨੀ ਲੋਕਾਂ ਨੂੰ ਮਾਨਵੀ ਸਹਾਇਤਾ ਪਹੁੰਚਾਉਣ ਅਤੇ ਉਨ੍ਹਾਂ ਦੀ ਧਰਤੀ ਅਤੇ ਆਜ਼ਾਦੀ ਲਈ ਲੜੇ ਜਾ ਰਹੇ ਸੰਘਰਸ਼ ਦੀ ਹਮਾਇਤ ਕਰਨ ਦੀ ਅਪੀਲ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਨਜੀਤ ਸਿੰਘ ਬੱਗੂ, ਰੋਸ਼ਮ ਸਿੰਘ ਫੈਲੋਕੇ, ਕਰਮ ਸਿੰਘ ਫਤਿਆਬਾਦ, ਦਾਰਾ ਸਿੰਘ ਮੁੰਡਾ ਪਿੰਡ, ਕੇਵਲ ਸਿੰਘ ਮਾੜੀ ਕੰਬੋਕੇ, ਕਰਮ ਸਿੰਘ ਪੰਡੋਰੀ, ਸੀਮਾ ਰਾਣੀ, ਚੀਮਾ, ਕੰਮਲਜੀਤ ਕੌਰ ਸਾਬਕਾ ਸਰਪੰਚ ਚੌਧਰੀਵਾਲਾ, ਹਰਜਿੰਦਰ ਸਿੰਘ ਚੂੰਘ ਅਤੇ ਸਵਿੰਦਰ ਸਿੰਘ ਚੱਕ ਆਦਿ ਆਗੂਆਂ ਨੇ ਸੰਬੋਧਨ ਕੀਤਾ।

ਜਸਬੀਰ ਸਿੰਘ ਸੰਧੂ ਉਰਫ ਗੋਲਡੀ ਦਾ ਬੇਵਕਤ ਵਿਛੋੜਾ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਬਿਨਾਂ ਸ਼ੱਕ ਇਹ ਯਥਾਰਥ ਹੈ ਕਿ ਜੋ ਘੜਿਆ ਸੋ ਭੱਜਣਾ ਹੈ ਪਰ ਵਕਤੋਂ ਪਹਿਲਾਂ ਹੀ ਭੱਜ ਜਾਣ ਦੀ ਪੀੜ ਅਸਹਿ ਹੁੰਦੀ ਹੈ। ਮਿੱਠਬੋਲੜਾ, ਸੁਹਿਰਦ, ਹਰਮਨ ਪਿਆਰਾ ਅਤੇ ਜੀਣ ਜੋਗਾ ਨੌਜਵਾਨ ਜਸਬੀਰ ਸਿੰਘ ਸੰਧੂ ਉਰਫ ਗੋਲਡੀ ਜਦੋਂ ਵੀ ਮਿਲਿਆ ਅਤੇ ਜਿਸ ਨੂੰ ਵੀ ਮਿਲਿਆ ਹਮੇਸ਼ਾ ਖਿੜੇ ਮੱਥੇ ਹੀ ਮਿਲਿਆ। ਪੱਤਰਕਾਰੀ ਦੇ ਪੰਧ 'ਤੇ ਉਹ ਸਾਵਗੋਈ ਨਾਲ ਤੁਰਿਆ ਰਿਹਾ ਅਤੇ ਸੁਥਰੇ ਸਮਾਜ ਦੀ ਸਿਰਜਣਾ ਦਾ ਮੁਦਈ ਹੋਣ ਦੇ ਨਾਲ-ਨਾਲ ਉਹ ਸਾਹਿਤ ਸੰਗਮ ਦੀਨਾਨਗਰ ਦਾ ਵੀ ਪੂਰਾ ਪੂਰਾ ਸਾਥ ਦਿੰਦਾ ਰਿਹਾ। ਉਸ ਦੀ ਮੌਤ ਦੀ ਖਬਰ ਨੇ ਸੱਚਮੁੱਚ ਬੇਹੱਦ ਮਾਯੂਸ ਕਰ ਦਿੱਤਾ ਅਤੇ ਮਨ ਤੜਫ ਉੱਠਿਆ। ਇਸ ਅਸਹਿ ਪੀੜ ਦੀ ਘੜੀ ਵਿੱਚ ਸਾਹਿਤ ਸੰਗਮ ਦੀਨਾਨਗਰ ਦੇ ਸਮੂਹ ਮੈਂਬਰਾਨ ਜਿਸ ਵਿੱਚ ਮੰਗਤ ਚੰਚਲ ਪ੍ਰਧਾਨ, ਬਲਬੀਰ ਮਗਰਾਲਾ, ਦਵਿੰਦਰ ਮਗਰਾਲਾ, ਬਲਦੇਵ ਉਲਫਤ, ਬਸ਼ੰਬਰ ਅਵਾਂਖੀਆ, ਰਾਜੂ ਅਵਾਂਖੀਆ, ਜਸਵਿੰਦਰ ਅਨਮੋਲ, ਜੋਗਿੰਦਰ ਪਾਲ ਸੈਣੀ, ਜੈ ਸਿੰਘ ਸੈਣੀ, ਬੋਧ ਰਾਜ ਅਤੇ ਪਰਸ਼ੋਤਮ ਲਾਲ ਵੱਲੋਂ ਪਰਿਵਾਰ ਨਾਲ ਗਹਿਰੀ ਸੰਵੇਦਨਾ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਵਿਛੜੇ ਸਾਥੀ ਦੀ ਸਮਾਜ ਪ੍ਰਤੀ ਸੁਹਿਰਦ ਸੋਚ ਸਬੰਧੀ ਗੱਲਬਾਤ ਕੀਤੀ। ਉਪਰੰਤ ਵਿਛੜੀ ਆਤਮਾ ਦੀ ਸ਼ਾਂਤੀ ਹਿੱਤ ਅਰਦਾਸ ਵੀ ਕੀਤੀ ਗਈ।

ਗੁ. ਬੀਬੀ ਵੀਰੋ ਵਿਖੇ ਸ਼ਹੀਦਾਂ ਦੀ ਯਾਦ 'ਚ ਵਿਸ਼ੇਸ਼ ਸਮਾਗਮ

ਝਬਾਲ (ਹਰਜਿੰਦਰ ਸਿੰਘ ਸੋਨੀ)-ਗੁਰਦੁਆਰਾ ਬੀਬੀ ਵੀਰੋ ਝਬਾਲ ਵਿਖੇ ਸ਼ਹੀਦਾਂ ਦੀ ਯਾਦ ਵਿੱਚ ਵਿਸ਼ੇਸ਼ ਸਮਾਗਮ ਕਰਵਾਏ ਗਏ ਜਿਸ ਵਿੱਚ ਬੱਚਿਆਂ ਦੇ ਦਸਤਾਰ ਤੇ ਦੁਮਾਲੇ ਸਜਾਉਣ ਦੇ ਮੁਕਾਬਲੇ ਕਰਵਾਏ। ਪਦਮਸ਼੍ਰੀ ਪੂਨਮ ਸੂਰੀ, ਪ੍ਰਧਾਨ ਜੀ. ਪੀ. ਸੂਰ, ਡਾਇਰੈਕਟਰ ਵੀ. ਕੇ. ਚੋਪੜਾ, ਚੇਅਰਮੈਨ ਮਹੇਸ਼ ਚੋਪੜਾ, ਖੇਤਰੀ ਅਧਿਕਾਰੀ ਡਾ. ਕਾਮਰਾ, ਸਕੂਲ ਮੈਨੇਜਰ ਨੀਰਾ ਸ਼ਰਮਾ ਅਤੇ ਆਰ. ਐੱਸ. ਡੀਏਵੀ ਪਬਲਿਕ ਸਕੂਲ ਝਬਾਲ ਦੇ ਪ੍ਰਿੰ. ਅਸ਼ਵਨੀ ਦੀ ਯੋਗ ਅਗਵਾਈ ਵਿੱਚ ਜੇ. ਆਰ. ਐੱਸ. ਡੀਏਵੀ ਪਬਲਿਕ ਸਕੂਲ ਝਬਾਲ ਦੇ ਵਿਦਿਆਰਥੀਆਂ ਨੇ ਉਪਰੋਕਤ ਸਮਾਗਮ ਵਿੱਚ ਹਿੱਸਾ ਲਿਆ ਅਤੇ ਦੁਮਾਲੇ ਸਜਾਉਣ ਦੇ ਮੁਕਾਬਲੇ ਵਿਚੋਂ ਜਮਾਤ ਛੇਵੀਂ ਦੀ ਵਿਦਿਆਰਥਣ ਅਨੁਰੀਤ ਕੌਰ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਸ ਤੋਂ ਇਲਾਵਾ ਸਤਿਕਾਰ ਕਮੇਟੀ ਦੁਆਰਾ ਸਾਰੇ ਬੱਚਿਆਂ ਤੇ ਅਧਿਆਪਕਾਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ।

ਤਿਓਹਾਰਾਂ ਮੌਕੇ ਆਤਿਸ਼ਬਾਜ਼ੀ ਸਬੰਧੀ ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਪਾਬੰਦੀਆਂ ਦੇ ਹੁਕਮ ਜਾਰੀ

ਗੁਰਦਾਸਪੁਰ (ਜਨਕ ਮਹਾਜਨ)- ਦੀਵਾਲੀ, ਗੁਰਪੁਰਬ, ਕ੍ਰਿਸਮਿਸ ਡੇਅ ਅਤੇ ਨਵੇਂ ਸਾਲ ਦੇ ਮੌਕੇ ਲੋਕਾਂ ਵਲੋਂ ਕੀਤੀ ਜਾਂਦੀ ਆਤਿਸ਼ਬਾਜ਼ੀ ਦੀ ਵਰਤੋਂ ਨਾਲ ਕਿਸੇ ਕਿਸਮ ਦੀ ਦੁਰਘਾਟਨਾ ਨਾ ਵਾਪਰੇ, ਇਸ ਲਈ ਵਧੀਕ ਜ਼ਿਲ੍ਹਾ ਮੈਜਿਸਟਰੇਟ ਗੁਰਦਾਸਪੁਰ ਸੁਭਾਸ਼ ਚੰਦਰ ਨੇ ਪੰਜਾਬ ਸਰਕਾਰ, ਇੰਡਸਟਰੀ ਐਂਡ ਕਾਮਰਸ ਵਲੋਂ ਜਾਰੀ ਕੀਤੀਆਂ ਗਈਆਂ ਗਾਈਡਲਾਈਨਜ਼ ਅਨੁਸਾਰ ਕੁਝ ਮਨਾਹੀ ਦੇ ਹੁਕਮ ਜਾਰੀ ਕੀਤੇ ਗਏ ਹਨ। ਸੁਭਾਸ਼ ਚੰਦਰ ਨੇ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਦੀ ਹਦੂਦ ਅੰਦਰ 12 ਨਵੰਬਰ 2023 (ਦੀਵਾਲੀ ਵਾਲੇ ਦਿਨ) ਰਾਤ 8 ਤੋਂ 10 ਵਜੇ ਤੱਕ (ਗੁਰਪੁਰਬ ਦੇ ਦਿਨ) ਸਵੇਰੇ 4 ਵਜੇ ਤੋਂ 5 ਵਜੇ ਤੱਕ ਅਤੇ ਰਾਤ 9 ਵਜੇ ਤੋਂ 10 ਵਜੇ ਤੱਕ, ਕ੍ਰਿਸਮਿਸ ਅਤੇ ਨਵੇਂ ਸਾਲ ਵਾਲੇ ਦਿਨ ਦੀ ਰਾਤ ਨੂੰ 11:55 ਤੋਂ ਸਵੇਰੇ 12.30 ਵਜੇ ਤੱਕ ਦੇ ਸਮੇਂ ਤੋਂ ਪਹਿਲਾਂ ਅਤੇ ਬਾਅਦ ਵਿਚ ਆਤਿਸ਼ਬਾਜ਼ੀ ਚਲਾਉਣ/ਵਰਤੋਂ ਕਰਨ 'ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਹੈ। ਇਸ ਤੋਂ ਇਲਾਵਾ ਸਾਇਲੈਂਸ ਜ਼ੋਨ ਜਿਵੇਂ ਕਿ ਸਰਕਾਰੀ ਦਫ਼ਤਰਾਂ, ਜੰਗਲਾਤ, ਹਸਪਤਾਲਾਂ, ਵਿੱਦਿਅਕ ਸੰਸਥਾਵਾਂ, ਅਦਾਲਤਾਂ, ਧਾਰਮਿਕ ਸੰਸਥਾਵਾਂ ਜਾਂ ਕੋਈ ਏਰੀਆ ਜਿਹੜਾ ਕਿ ਸਮਰੱਥ ਅਧਿਕਾਰੀ ਵੱਲੋਂ ਸਾਇਲੈਂਸ ਜ਼ੋਨ ਐਲਾਨਿਆ ਗਿਆ ਹੋਵੇ, ਦੇ 100 ਮੀਟਰ ਦੇ ਘੇਰੇ ਵਿੱਚ ਆਤਿਸ਼ਬਾਜ਼ੀ/ਪਟਾਕਿਆਂ ਨੂੰ ਚਲਾਉਣ 'ਤੇ ਵੀ ਮੁਕੰਮਲ ਪਾਬੰਦੀ ਲਗਾਈ ਗਈ ਹੈ। ਮੌਜੂਦਾ ਹਾਲਾਤ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇੱਕ ਤਰਫ਼ਾ ਪਾਸ ਕੀਤਾ ਗਿਆ ਹੈ ਅਤੇ ਇਹ ਹੁਕਮ 2 ਨਵੰਬਰ 2023 ਤੋਂ 31 ਦਸੰਬਰ 2023 ਤੱਕ ਲਾਗੂ ਹੋਵੇਗਾ।

ਜ਼ਿਲ੍ਹੇ ਦੀਆਂ ਮੰਡੀਆਂ 'ਚ ਝੋਨੇ ਦੀ ਖਰੀਦ 7 ਲੱਖ ਮੀਟ੍ਰਿਕ ਟਨ ਤੋਂ ਪਾਰ

ਗੁਰਦਾਸਪੁਰ, (ਜਨਕ ਮਹਾਜਨ)-ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ ਵਿਚ ਝੋਨੇ ਦੀ ਖ਼ਰੀਦ ਨਿਰਵਿਘਨ ਜਾਰੀ ਹੈ। ਬੀਤੀ ਸ਼ਾਮ ਤੱਕ ਜ਼ਿਲੇ ਦੀਆਂ ਮੰਡੀਆਂ ਵਿਚ ਝੋਨੇ ਦੀ ਖਰੀਦ 7 ਲੱਖ ਮੀਟ੍ਰਿਕ ਟਨ ਤੋਂ ਪਾਰ ਹੋ ਗਈ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ 709208 ਮੀਟਰਿਕ ਟਨ ਝੋਨੇ ਦੀ ਆਮਦ ਹੋਈ ਹੈ ਜਿਸ ਵਿਚੋਂ ਵੱਖ-ਵੱਖ ਖਰੀਦ ਏਜੰਸੀਆਂ ਵਲੋਂ 707365 ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਮੰਡੀਆਂ ਵਿੱਚ ਖਰੀਦੇ ਗਏ ਝੋਨੇ ਦੀ ਅਦਾਇਗੀ ਵਜੋਂ ਕਿਸਾਨਾਂ ਨੂੰ 1438 ਕਰੋੜ ਰੁਪਏ ਜਾਰੀ ਕੀਤੇ ਗਏ ਹਨ ਅਤੇ ਖਰੀਦ ਏਜੰਸੀਆਂ ਵਲੋਂ 86 ਫੀਸਦੀ ਝੋਨੇ ਦੀ ਲਿਫਟਿੰਗ ਕਰਵਾਈ ਗਈ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਮੰਡੀਆਂ ਵਿਚ ਖਰੀਦੇ ਗਏ ਕੁੱਲ ਝੋਨੇ ਵਿਚੋਂ ਪਨਗ੍ਰੇਨ ਵਲੋਂ 278840 ਮੀਟਰਿਕ ਟਨ, ਮਾਰਕਫੈੱਡ ਵਲੋਂ 195546 ਮੀਟਰਿਕ ਟਨ, ਪਨਸਪ ਵਲੋਂ 149495 ਮੀਟਰਿਕ ਟਨ ਅਤੇ ਵੇਅਰ ਹਾਊਸ ਵਲੋਂ 83484 ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਖਰੀਦੇ ਗਏ ਝੋਨੇ ਦੀ ਲਿਫਟਿੰਗ ਵੀ ਨਾਲੋ-ਨਾਲ ਕੀਤੀ ਜਾ ਰਹੀ ਹੈ ਅਤੇ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚੋਂ 607899 ਮੀਟਰਿਕ ਟਨ ਝੋਨੇ ਦੀ ਲਿਫਟਿੰਗ ਕਰਵਾਈ ਗਈ ਹੈ। ਉਨ੍ਹਾਂ ਕਿਸਾਨਾਂ ਨੂੰ ਕਿਹਾ ਹੈ ਕਿ ਉਹ ਪੂਰੀ ਤਰ੍ਹਾਂ ਸੁੱਕਾ ਝੋਨਾ ਹੀ ਮੰਡੀਆਂ ਵਿਚ ਲੈ ਕੇ ਆਉਣ ਤਾਂ ਜੋ ਉਨ੍ਹਾਂ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ

8-Nov-PAGE-4.qxd 11/7/2023 10:28 PM Page 1

ਨਵਾਂ ਜ਼ਮਾਨਾ
ਬੁੱਧਵਾਰ, 8 ਨਵੰਬਰ 2023

ਹਵਾ ਪ੍ਰਦੂਸ਼ਣ ਦੀ ਮਾਰ

ਇਸ ਸਮੇਂ ਦੇਸ਼ ਦੇ ਵੱਡੇ ਸ਼ਹਿਰਾਂ ਵਿੱਚ ਹਵਾ ਪ੍ਰਦੂਸ਼ਣ ਦਾ ਕਹਿਰ ਜਾਰੀ ਹੈ। ਹਵਾ ਪ੍ਰਦੂਸ਼ਣ ਮਨੁੱਖ ਦੇ ਸਰੀਰ 'ਤੇ ਕਿੰਨਾ ਘਾਤਕ ਹਮਲਾ ਬੋਲਦਾ ਹੈ, ਇਸ ਸੰਬੰਧੀ ਇੱਕ ਤਾਜ਼ਾ ਪੜਤਾਲ ਇਸ ਦੀ ਨਿਸ਼ਾਨਦੇਹੀ ਕਰਦੀ ਹੈ।

ਨਵੀਂ ਦਿੱਲੀ ਦੇ ਸੈਂਟਰ ਫਾਰ ਕਰਾਨਿਕ ਡਿਸੀਜ਼ ਕੰਟਰੋਲ, ਪਬਲਿਕ ਹੈੱਲਥ ਫਾਊਂਡੇਸ਼ਨ ਆਫ਼ ਇੰਡੀਆ, ਅਖਿਲ ਭਾਰਤੀ ਆਯੁਰਵੈਦਿਕ ਸੰਸਥਾਨ, ਮਦਰਾਸ ਡਾਇਬਟੀਜ਼ ਰਿਸਰਚ ਫਾਊਂਡੇਸ਼ਨ, ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ ਤੇ ਐਮੋਰੀ ਯੂਨੀਵਰਸਿਟੀ ਦੇ ਵਿਗਿਆਨੀਆਂ ਵੱਲੋਂ ਸਾਂਝੇ ਤੌਰ 'ਤੇ ਕੀਤੇ ਗਏ ਅਧਿਐਨ ਵਿੱਚ ਸਿੱਟਾ ਕੱਢਿਆ ਗਿਆ ਹੈ ਕਿ ਵਧ ਰਹੇ ਹਵਾ ਪ੍ਰਦੂਸ਼ਣ ਕਾਰਨ ਟਾਈਪ-2 ਡਾਇਬਟੀਜ਼ (ਸ਼ੂਗਰ) ਦੇ ਮਾਮਲੇ ਵਧ ਸਕਦੇ ਹਨ। ਇਹ ਅਧਿਐਨ ਦੋ ਸ਼ਹਿਰਾਂ ਦਿੱਲੀ ਤੇ ਚੇਨਈ ਵਿੱਚ ਕੀਤਾ ਗਿਆ ਸੀ। ਅਧਿਐਨ ਮੁਤਾਬਕ ਹਵਾ ਪ੍ਰਦੂਸ਼ਣ ਕਾਰਨ ਹਵਾ ਵਿੱਚ ਮੌਜੂਦ ਬਰੀਕ ਕਣ ਖ਼ੂਨ ਵਿੱਚ ਦਾਖਲ ਹੋ ਜਾਂਦੇ ਹਨ, ਜਿਸ ਨਾਲ ਸਾਹ ਰੋਗ ਤੇ ਦਿਲ ਸੰਬੰਧੀ ਰੋਗ ਹੋ ਸਕਦੇ ਹਨ ਜਾਂ ਰੋਗੀ ਵਿੱਚ ਇਨ੍ਹਾਂ ਦਾ ਪ੍ਰਭਾਵ ਵਧ ਜਾਂਦਾ ਹੈ। ਜੇਕਰ ਹਵਾ ਪ੍ਰਦੂਸ਼ਣ ਇੱਕ ਹੱਦ ਤੋਂ ਵਧ ਜਾਵੇ ਤਾਂ ਇਸ ਨਾਲ ਖ਼ੂਨ ਵਿੱਚ ਸ਼ੂਗਰ ਦੀ ਮਾਤਰਾ ਵਧ ਜਾਂਦੀ ਹੈ।

ਇਸ ਅਧਿਐਨ ਦੇ ਨਤੀਜੇ ਸ਼ੂਗਰ ਰੋਗ ਦੇ ਸੰਦਰਭ ਵਿੱਚ ਖ਼ਤਰਨਾਕ ਭਵਿੱਖ ਵੱਲ ਸੰਕੇਤ ਕਰਦੇ ਹਨ। ਜਿਨ੍ਹਾਂ ਦੇਸ਼ਾਂ ਵਿੱਚ ਸ਼ੂਗਰ ਦੇ ਮਾਮਲੇ ਤੇਜ਼ੀ ਨਾਲ ਵਧ ਰਹੇ ਹਨ, ਉਨ੍ਹਾਂ ਵਿੱਚ ਭਾਰਤ ਸਭ ਤੋਂ ਅੱਗੇ ਹੈ। ਇਸ ਸਾਲ ਜੂਨ ਮਹੀਨੇ ਵਿੱਚ ਮੈਡੀਕਲ ਜਰਨਲ 'ਲਾਂਸੈਟ' ਵਿੱਚ ਪ੍ਰਕਾਸ਼ਤ ਇੱਕ ਰਿਪੋਰਟ ਅਨੁਸਾਰ ਭਾਰਤ ਵਿੱਚ 10 ਕਰੋੜ ਤੋਂ ਵੱਧ ਅਬਾਦੀ ਯਾਨੀ 11.4 ਫ਼ੀਸਦੀ ਅਬਾਦੀ ਸ਼ੂਗਰ ਰੋਗ ਤੋਂ ਪੀੜਤ ਤੇ 13.6 ਕਰੋੜ ਹੋਰ ਅਬਾਦੀ ਸ਼ੂਗਰ ਰੋਗ ਦੇ ਖਤਰੇ ਵਿੱਚ ਹੈ। ਇਸ ਦੇ ਮੁਕਾਬਲੇ ਯੂਰਪ ਵਿੱਚ ਸਿਰਫ਼ 6.2 ਫ਼ੀਸਦੀ ਅਬਾਦੀ ਹੀ ਸ਼ੂਗਰ ਰੋਗ ਦਾ ਸ਼ਿਕਾਰ ਹੈ। ਇਸ ਅਧਿਐਨ ਵਿੱਚ ਦੱਸਿਆ ਗਿਆ ਹੈ ਕਿ ਪਹਿਲਾਂ ਖਾਣ-ਪੀਣ ਦੀਆਂ ਆਦਤਾਂ, ਮੋਟਾਪਾ, ਰਹਿਣ-ਸਹਿਣ ਦੀਆਂ ਹਾਲਤਾਂ ਤੇ ਵਿਹਲੜਪੁਣੇ ਨੂੰ ਹੀ ਸ਼ੂਗਰ ਰੋਗ ਦਾ ਕਾਰਨ ਸਮਝਿਆ ਜਾਂਦਾ ਸੀ, ਹੁਣ ਇਸ ਵਿੱਚ ਹਵਾ ਪ੍ਰਦੂਸ਼ਣ ਵੀ ਇੱਕ ਕਾਰਨ ਜੁੜ ਗਿਆ ਹੈ। ਇਹ ਇੱਕ ਗੰਭੀਰ ਮਾਮਲਾ ਹੈ, ਕਿਉਂਕਿ ਬਾਕੀ ਕਾਰਨਾਂ 'ਤੇ ਤਾਂ ਕੰਟਰੋਲ ਕੀਤਾ ਜਾ ਸਕਦਾ ਹੈ, ਪਰ ਹਵਾ ਪ੍ਰਦੂਸ਼ਣ ਤੋਂ ਬਚਾਅ ਕਰਨਾ ਔਖਾ ਹੈ। ਇਸ ਤੋਂ ਇਲਾਵਾ ਇੱਕ ਹੋਰ ਅਧਿਐਨ ਵਿੱਚ ਇਹ ਸਿੱਟਾ ਕੱਢਿਆ ਗਿਆ ਹੈ ਕਿ ਹਵਾ ਪ੍ਰਦੂਸ਼ਣ ਨਾਲ ਬੱਚਿਆਂ ਵਿੱਚ ਖ਼ੂਨ ਦੀ ਕਮੀ, ਜਨਮ ਸਮੇਂ ਘੱਟ ਭਾਰ ਤੇ ਗੰਭੀਰ ਸਾਹ ਦੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

ਸਾਡੇ ਦੇਸ਼ ਵਿੱਚ ਪਿਛਲੇ ਕੁਝ ਸਮੇਂ ਤੋਂ ਇਹ ਚਲਣ ਹੋ ਗਿਆ ਹੈ ਕਿ ਜਦੋਂ ਵੀ ਕੋਈ ਸਮੱਸਿਆ ਆਉਂਦੀ ਹੈ, ਉਸ ਦਾ ਹੱਲ ਕਰਨ ਦੀ ਥਾਂ ਸਿਆਸੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਸਾਡੀਆਂ ਸਰਕਾਰਾਂ ਤੇ ਪਾਰਟੀਆਂ ਦੇ ਆਗੂ ਤਾਂ ਹਵਾ ਪ੍ਰਦੂਸ਼ਣ ਬਾਰੇ ਵੀ ਕਮੇਡੀ ਕਰਦੇ ਰਹਿੰਦੇ ਹਨ। ਵਿਰੋਧੀ ਸਰਕਾਰਾਂ 'ਤੇ ਹਮਲੇ ਸਮੇਂ ਕਾਰਨ ਹੋਰ ਦੱਸੇ ਜਾਂਦੇ ਹਨ, ਮੀਡੀਆ ਵਿੱਚ ਹੋਰ, ਸੰਸਦ ਵਿੱਚ ਹੋਰ ਤੇ ਨਿਆਂ ਪਾਲਿਕਾ ਵਿੱਚ ਹੋਰ। ਨਿਆਂ ਪਾਲਿਕਾ ਹਰ ਸਾਲ ਸਰਕਾਰ ਨੂੰ ਫਟਕਾਰ ਲਾਉਂਦੀ ਹੈ, ਮੀਡੀਆ ਇਸ ਨੂੰ ਖ਼ਬਰ ਬਣਾਉਂਦਾ ਹੈ ਤੇ ਫਿਰ ਗਰਮੀ ਦਾ ਮੌਸਮ ਸ਼ੁਰੂ ਹੋ ਜਾਂਦਾ ਹੈ ਤੇ ਨਿਆਂ ਪਾਲਿਕਾ ਚੁੱਪ ਹੋ ਜਾਂਦੀ ਹੈ।

ਇਸ ਸਮੇਂ ਸਰਕਾਰਾਂ ਦਾ ਕੰਮ ਵਾਹ-ਵਾਹ ਖੱਟਣਾ ਰਹਿ ਗਿਆ ਹੈ। ਇਸ ਲਈ ਚੰਦਰਮਾ 'ਤੇ ਪਹੁੰਚਣਾ ਜ਼ਰੂਰੀ ਸੀ, ਹੁਣ ਮੰਗਲ 'ਤੇ ਜਾਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਇਸ ਦੀ ਕਿਸੇ ਨੂੰ ਚਿੰਤਾ ਨਹੀਂ ਕਿ ਲੋਕਾਂ ਲਈ ਸਾਹ ਲੈਣਾ ਔਖਾ ਹੋ ਚੁੱਕਾ ਹੈ। ਇਸ ਵੇਲੇ ਹਵਾ ਪ੍ਰਦੂਸ਼ਣ ਸਾਡੇ ਲਈ ਸਭ ਤੋਂ ਵੱਡੀ ਸਮੱਸਿਆ ਬਣ ਚੁੱਕਾ ਹੈ, ਪਰ ਸਰਕਾਰ ਲਈ ਇਹ ਕੋਈ ਸਮੱਸਿਆ ਨਹੀਂ, ਕਿਉਂਕਿ ਇਸ ਨਾਲ ਸਭ ਤੋਂ ਵੱਧ ਪ੍ਰਭਾਵਤ ਹੋਣ ਵਾਲੇ ਆਮ ਲੋਕ ਹੁੰਦੇ ਹਨ।

ਪਾਠਕ-ਸੱਥ

ਡਿਬੇਟ ਨੇ ਰਵਾਇਤੀ ਪਾਰਟੀਆਂ ਦਾ ਸੱਚ ਸਾਹਮਣੇ ਲਿਆਂਦਾ

ਮੁੱਖ ਮੰਤਰੀ ਵੱਲੋਂ ਇੱਕ ਨਵੰਬਰ ਨੂੰ ਰੱਖੀ ਬਹਿਸ ਨੇ ਪੰਜਾਬ ਦੀ ਮੌਜੂਦਾ ਤੇ ਸਾਬਕਾ ਸਰਕਾਰਾਂ ਦਾ ਬਹੁਤ ਕੁਝ ਸਾਹਮਣੇ ਲੈ ਆਂਦਾ। ਇਥੇ ਪਹਿਲੀ ਗੱਲ ਦੇਖਣ ਨੂੰ ਇਹ ਮਿਲੀ ਕਿ ਜਿਨ੍ਹਾਂ ਤੋਂ ਮੁੱਖ ਮੰਤਰੀ ਨੇ ਸਵਾਲ ਪੁੱਛਣੇ ਸਨ, ਉਹ ਨਹੀਂ ਪਹੁੰਚੇ, ਜਦਕਿ ਜਿਨ੍ਹਾਂ ਮੁੱਖ ਮੰਤਰੀ ਨੂੰ ਸਵਾਲ ਪੁੱਛਣੇ ਸਨ, ਉਹ ਬਹਿਸ 'ਚ ਸ਼ਾਮਲ ਨਹੀਂ ਹੋਣ ਦਿੱਤੇ ਗਏ। ਹੁਣ ਜੇਕਰ ਗੱਲ ਕਰੀਏ ਪਿਛਲੀਆਂ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਦੀ, ਉਨ੍ਹਾਂ ਨੇ ਪੰਜਾਬ ਲਈ ਕੋਈ ਬਹੁਤ ਵੱਡਾ ਮਾਰਕਾ ਨਹੀਂ ਮਾਰਿਆ, ਸਗੋਂ ਪੰਜਾਬ ਨੂੰ ਲੁੱਟਿਆ ਤੇ ਹੋਰਨਾਂ ਨੂੰ ਲੁੱਟਣ ਦਾ ਮੌਕਾ ਵੀ ਦਿੱਤਾ। ਜੇਕਰ ਗੱਲ ਕਰੀਏ ਐੱਸ ਵਾਈ ਐੱਲ ਦੀ ਤਾਂ ਐੱਸ ਵਾਈ ਐੱਲ ਕਢਵਾਉਣ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੋਵੇਂ ਬਰਾਬਰ ਦੀਆਂ ਹੀ ਜ਼ਿੰਮੇਵਾਰ ਹਨ। ਅਕਾਲੀ ਦਲ ਦੇ ਪ੍ਰਧਾਨ ਨੇ ਆਪਣੇ ਨਿੱਜੀ ਹਿੱਤਾਂ ਲਈ ਐੱਸ ਵਾਈ ਐੱਲ ਕਢਵਾਈ ਅਤੇ ਕਾਂਗਰਸ ਨੇ ਆਪਣੇ ਕੇਂਦਰੀ ਅਕਾਵਾਂ ਦੀ ਚਾਪਲੂਸੀ ਲਈ ਪੰਜਾਬ ਦਾ ਪਾਣੀ ਵੰਡਣ ਦੀ ਕੋਸ਼ਿਸ਼ ਕੀਤੀ। ਹੁਣ ਜੇਕਰ ਦੇਖੀਏ ਤਾਂ ਇਹ ਕਾਣੇ ਦੋਵੇਂ ਹੀ ਸਨ ਤੇ ਦੋਵੇਂ ਹੀ ਬਹਿਸ ਕਰਨ ਤੋਂ ਭੱਜ ਗਏ। ਮੁੱਖ ਮੰਤਰੀ ਦੁਆਰਾ ਪੁੱਛੇ ਗਏ ਸਵਾਲਾਂ ਦਾ ਉਨ੍ਹਾਂ ਕੋਲ ਕੋਈ ਜਵਾਬ ਨਹੀਂ ਨਾ ਹੀ ਉਨ੍ਹਾਂ ਮੀਡੀਆ ਨੂੰ ਕੋਈ ਜਵਾਬ ਦਿੱਤਾ ਹੈ। ਇਸ ਤੋਂ ਜਾਪਦਾ ਉਨ੍ਹਾਂ ਨੂੰ ਲੋਕਾਂ ਨੇ ਚੋਣਾਂ ਵਿੱਚ ਤਾਂ ਹਰਾਇਆ ਹੀ ਸੀ, ਨਾਲ ਹੀ ਬਹਿਸ ਵਿੱਚੋਂ ਵੀ ਹਾਰ ਗਏ। ਹੁਣ ਚੋਣਾਂ ਸਮੇਂ ਲੋਕ ਵੀ ਇਨ੍ਹਾਂ ਲੀਡਰਾਂ ਨੂੰ ਸਵਾਲ ਕਰਦੇ ਰਹਿਣ ਤਾਂ ਕਿ ਪੰਜਾਬ ਨਾਲ ਹੋਏ ਧੋਖਿਆਂ ਦਾ ਜਵਾਬ ਲਿਆ ਜਾ ਸਕੇ।

-ਗੁਰਦਿੱਤ ਸਿੰਘ ਸੇਖੋਂ, 97811-72781

ਸੰਜਮਤਾ ਅਤੇ ਸਬਰ

ਖਾਣ-ਪੀਣ, ਰਹਿਣ-ਸਹਿਣ, ਪਹਿਰਾਵਾ, ਬੋਲ-ਚਾਲ ਆਦਿ ਵਿੱਚ ਜੋ ਕਦੇ ਸਾਦਗੀ ਦਾ ਵਾਸਾ ਸੀ, ਪਤਾ ਨਹੀਂ ਕਿਧਰ ਗੁੰਮ ਹੋ ਗਿਆ। ਸੁਭਾਵਾਂ ਵਿੱਚ ਤਲਖੀ, ਤੇਜ਼ੀ, ਕੁੜੱਤਣ ਆਦਿ ਨੇ ਆਪਣਾ ਕਬਜ਼ਾ ਕਰ ਲਿਆ ਹੈ। ਪਹਿਲਾਂ ਪਰਵਾਰਾਂ ਵਿੱਚ ਜੇ ਕਿਸੇ ਨੂੰ ਕੋਈ ਦੁੱਖ-ਤਕਲੀਫ਼ ਆਉਂਦੀ ਸੀ ਤਾਂ ਪਰਵਾਰ ਦੇ ਦੂਸਰੇ ਜੀਅ ਉਸ ਦਾ ਕੋਈ ਨਾ ਕੋਈ ਹੱਲ ਕੱਢ ਹੀ ਲੈਂਦੇ ਸਨ, ਹੁਣ ਇਕਹਿਰੇ ਪਰਵਾਰ ਹੋ ਗਏ ਹਨ ਨਾ ਕਿਸੇ ਨਾਲ ਕੋਈ ਛੇਤੀ ਕਰਕੇ ਆਪਣਾ ਦੁੱਖ ਸਾਂਝਾ ਕਰਦਾ ਹੈ ਤੇ ਨਾ ਹੀ ਦਰਪੇਸ਼ ਮੁਸ਼ਕਿਲ ਦਾ ਕੋਈ ਸਹੀ ਸਮਾਧਾਨ ਮਿਲਦਾ ਹੈ। ਇੱਕ ਨਾਅਰਾ ਦਿੱਤਾ ਜਾਂਦਾ ਹੈ 'ਛੋਟਾ ਪਰਿਵਾਰ ਸੁਖੀ ਪਰਿਵਾਰ।' ਆਬਾਦੀ ਦੇ ਇਵਜ਼ ਲਿਹਾਜ਼ ਨਾਲ ਇਹ ਠੀਕ ਹੈ, ਪਰ ਅੱਜ ਸਾਨੂੰ 'ਛੋਟਾ ਪਰਿਵਾਰ ਦੁਖੀ ਪਰਵਾਰ' ਲੱਗਣ ਲੱਗ ਪਿਆ ਹੈ, ਕਿਉਂਕਿ ਬੱਚਿਆਂ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਛੋਟੇ ਪਰਿਵਾਰ ਲਈ ਟੇਢੀ ਖੀਰ ਵਾਲਾ ਕੰਮ ਹੋ ਗਿਆ ਹੈ। ਜੇਕਰ ਮਾਪੇ ਨੌਕਰੀਪੇਸ਼ਾ ਹਨ ਤਾਂ ਇਹ ਹੋਰ ਵੀ ਔਖਾ ਹੋ ਜਾਂਦਾ ਹੈ। ਅੱਜ ਅਸੀਂ ਜ਼ਿੰਦਗੀ ਬਸਰ ਨਹੀਂ ਕਰ ਰਹੇ ਬਲਕਿ ਦੁੱਖ-ਤਕਲੀਫ਼ਾਂ ਤੇ ਚਿੰਤਾਵਾਂ ਨਾਲ ਇਸ ਨੂੰ ਢੋਹ ਰਹੇ ਹਾਂ। ਜੇਕਰ ਅਸੀਂ ਅੱਗੇ ਵਧਣਾ ਹੈ ਅਤੇ ਤਰੱਕੀ ਕਰਨੀ ਹੈ ਤਾਂ ਸੰਜਮਤਾ ਅਤੇ ਸਬਰ ਦਾ ਪੱਲਾ ਫੜਨਾ ਪਵੇਗਾ।

-ਲਾਭ ਸਿੰਘ ਸ਼ੇਰਗਿੱਲ, ਬਡਰੁੱਖਾਂ (ਸੰਗਰੂਰ)

ਨੌਜਵਾਨੀ 'ਚ ਵਿਦੇਸ਼ੀਂ ਜਾਣ ਦਾ ਰੁਝਾਨ ਕਿਉਂ ਵਧ ਰਿਹਾ



ਡਾ. ਅਮਨਦੀਪ ਰਾਜੌਰੀ

ਪੰਜਾਬ ਵੱਸਦਾ ਗੁਰੂਆਂ ਦੇ ਨਾਂਅ 'ਤੇ ਹੈ। ਇੱਥੋਂ ਦੀ ਧਰਤੀ, ਪੌਣ-ਪਾਣੀ, ਜਲ, ਸ੍ਰੋਤ ਤੇ ਵਾਤਾਵਰਨ ਬੜੇ ਅਦਭੁੱਤ ਹਨ। ਇੱਥੋਂ ਦਾ ਅਮੀਰ ਵਿਰਸਾ ਦੁਨੀਆ ਲਈ ਹਮੇਸ਼ਾ ਖਿੱਚ ਦਾ ਕੇਂਦਰ ਬਣਿਆ ਰਿਹਾ ਹੈ। ਗੁਰੂਆਂ, ਪੀਰ-ਪੈਗੰਬਰਾਂ ਅਤੇ ਰਿਸ਼ੀਆਂ-ਮੁਨੀਆਂ ਦੇ ਆਸ਼ੀਰਵਾਦ ਨਾਲ ਪ੍ਰਣਾਏ ਪੰਜਾਬੀ ਨੌਜਵਾਨ ਵਿਦੇਸ਼ਾਂ ਵਿੱਚ ਅੱਜ ਵਹੀਰਾਂ ਘੱਤ ਰਹੇ ਹਨ। ਪੰਜਾਬ ਦੀ ਜਵਾਨੀ ਦਾ ਪੰਜਾਬ ਪ੍ਰਤੀ ਮੋਹ ਭੰਗ ਹੋਣਾ ਹਰ ਇੱਕ ਬੁੱਧੀਜੀਵੀ ਲਈ ਚਿੰਤਾ ਦਾ ਵਿਸ਼ਾ ਹੈ। ਇੰਝ ਲੱਗਦਾ ਹੈ ਕਿ ਜਿਵੇਂ ਪੰਜਾਬ ਦਾ ਨੌਜਵਾਨ ਆਪਣੀ ਹੀ ਜਨਮਭੂਮੀ ਤੋਂ ਇੱਕ ਤਰ੍ਹਾਂ ਨਾਲ ਬੇਮੁੱਖ ਹੋ ਕੇ ਵਿਦੇਸ਼ੀ ਧਰਤੀ ਨੂੰ ਭਾਗ ਲਗਾ ਰਿਹਾ ਹੈ। ਕਾਲਜਾਂ ਅਤੇ ਯੂਨੀਵਰਸਿਟੀਆਂ ਅੰਦਰ ਵਿਦਿਆਰਥੀਆਂ ਦੇ ਘਟ ਰਹੇ ਅੰਕੜੇ ਰੂਪੀ ਦਾਖ਼ਲੇ ਇਸ ਦੀ ਗਵਾਹੀ ਭਰ ਰਹੇ ਹਨ। ਮੈਡੀਕਲ ਖੇਤਰ ਤੋਂ ਇਲਾਵਾ ਤਕਨੀਕੀ ਕੋਰਸ, ਬੀ ਐੱਡ ਅਤੇ ਇੰਜੀਨੀਅਰਿੰਗ ਦੇ ਕਾਲਜ ਵੀ ਇੱਕ ਤਰ੍ਹਾਂ ਨਾਲ ਵੈਂਟੀਲੇਟਰ 'ਤੇ ਪਏ ਹਨ। ਉਂਜ ਤਾਂ ਇਹ ਸਥਿਤੀ ਪੰਜਾਬ ਸਮੇਤ ਗੁਆਂਢੀ ਪ੍ਰਾਂਤਾਂ ਵਿੱਚ ਵੀ ਦੇਖਣ ਨੂੰ ਮਿਲ ਰਹੀ ਹੈ। ਇਹ ਗਿਣਤੀ ਪਿਛਲੇ ਸਾਲਾਂ ਦੌਰਾਨ ਬੜੀ ਤੇਜ਼ੀ ਨਾਲ ਵਧੀ ਹੈ। ਹੋਰਨਾਂ ਪ੍ਰਾਂਤਾਂ ਦੇ ਮੁਕਾਬਲੇ ਪੰਜਾਬ ਵਿੱਚ ਵਿਦੇਸ਼ਾਂ ਵੱਲ ਜਾਣ ਦੇ ਅੰਕੜੇ ਬੜੇ ਹੈਰਾਨੀਜਨਕ ਤੇ ਚਿੰਤਾਜਨਕ ਹਨ। ਉਂਜ ਤਾਂ ਪੰਜਾਬ ਤੋਂ ਇਲਾਵਾ ਹਰਿਆਣਾ, ਹਿਮਾਚਲ, ਜੰਮੂ-ਕਸ਼ਮੀਰ ਤੇ ਦਿੱਲੀ ਸਮੇਤ ਹੋਰਨਾਂ ਪ੍ਰਾਂਤਾਂ ਦੇ ਨੌਜਵਾਨ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਸਮੇਤ ਹੋਰ ਦੇਸ਼ਾਂ ਵਿੱਚ ਜਾ ਰਹੇ ਹਨ। ਜਦੋਂ ਕਿ ਯੂ ਪੀ-ਬਿਹਾਰ ਦੇ ਲੋਕਾਂ ਦਾ ਰੁਝਾਨ ਖਾੜੀ ਦੇਸ਼ਾਂ ਵੱਲ ਹੈ। ਭਾਰਤ 'ਚ ਅਮਰੀਕਾ ਜਾਣ ਵਾਲਿਆਂ ਦੀ ਗਿਣਤੀ ਸਭ ਤੋਂ ਵੱਧ ਹੈ, ਜਦੋਂ ਕਿ ਕੈਨੇਡਾ ਲੋਕਾਂ ਦੀ ਦੂਸਰੀ ਪਸੰਦ ਹੈ। ਵਿਦੇਸ਼ ਮੰਤਰਾਲੇ ਦੇ ਹਵਾਲੇ ਨਾਲ ਨਿਤਿਆ ਨੰਦ ਰਾਏ ਨੇ ਲੋਕ ਸਭਾ ਵਿਚ ਜਾਣਕਾਰੀ ਸਾਂਝੀ ਕਰਦਿਆਂ ਪਿਛਲੇ ਸਾਲ ਦੱਸਿਆ ਸੀ ਕਿ ਹੁਣ ਤੱਕ ਕੁੱਲ ਇੱਕ ਕਰੋੜ 33 ਲੱਖ 83 ਹਜ਼ਾਰ 718 ਭਾਰਤੀ ਨਾਗਰਿਕ ਵਿਦੇਸ਼ਾਂ ਵਿੱਚ ਰਹਿ ਰਹੇ ਹਨ। ਇਹ ਅੰਕੜਾ ਪਿਛਲੇ ਕੁਝ ਸਾਲਾਂ ਵਿੱਚ ਹੀ ਲੱਖਾਂ ਤੋਂ ਵਧ ਕੇ ਕਰੋੜਾਂ ਵਿੱਚ ਪੁੱਜ ਗਿਆ। ਜੋ ਚਿੰਤਾ ਦਾ ਵਿਸ਼ਾ ਹੈ। ਅੰਕੜਿਆਂ 'ਤੇ ਇੱਕ ਪੰਛੀ ਝਾਤ ਮਾਰੇ ਜਾਣ 'ਤੇ ਪਤਾ ਲੱਗਦਾ ਹੈ, 2015 ਅੰਦਰ ਇੱਕ ਲੱਖ 41 ਹਜ਼ਾਰ 656 ਲੋਕਾਂ ਨੇ ਭਾਰਤੀ ਨਾਗਰਿਕਤਾ ਛੱਡੀ ਸੀ। ਲੱਗਭੱਗ ਹਰ ਸਾਲ 2016 ਤੋਂ 2019 ਤੱਕ ਜਦੋਂ ਤੱਕ ਹਾਲਾਤ ਸਾਜ਼ਗਾਰ ਸਨ ਅਤੇ ਕੋਵਿਡ ਨੇ ਦਸਤਕ ਨਹੀਂ ਸੀ ਦਿੱਤੀ, ਭਾਰਤੀ ਨਾਗਰਿਕਤਾ ਛੱਡਣ ਵਾਲਿਆਂ ਦਾ ਅੰਕੜਾ ਇੱਕ ਤੋਂ ਡੇਢ ਲੱਖ ਦੇ ਵਿੱਚ ਰਿਹਾ, ਪਰ 2020 ਵਿੱਚ ਕੋਵਿਡ ਦੇ ਕਾਰਨ ਇਹ ਗਿਣਤੀ ਘਟ ਕੇ ਪਚਾਸੀ ਹਜ਼ਾਰ 248 ਰਹਿ ਗਈ, ਜਦੋਂ ਕਿ 2021 ਤੱਕ ਇਹ ਫਿਰ ਇੱਕ ਤੋਂ ਡੇਢ ਲੱਖ ਤੱਕ ਪੁੱਜ ਗਈ। ਜਦ ਕੋਵਿਡ ਦਾ ਅਸਰ ਪੂਰੀ ਤਰ੍ਹਾਂ ਸਮਾਪਤ ਹੋਇਆ ਤਾਂ 2022 ਅੰਦਰ ਭਾਰਤੀ ਨਾਗਰਿਕਤਾ ਛੱਡਣ ਵਾਲਿਆਂ ਦੀ ਗਿਣਤੀ 'ਚ ਰਿਕਾਰਡਤੋੜ ਵਾਧਾ ਦਰਜ ਕੀਤਾ ਗਿਆ। ਇਹ ਅੰਕੜਾ ਦੋ ਲੱਖ ਪੰਝੀ ਹਜ਼ਾਰ ਨੂੰ ਪਾਰ ਕਰ ਗਿਆ।

ਦੇਸ਼ ਛੱਡ ਕੇ ਵਿਦੇਸ਼ੀ ਨਾਗਰਿਕਤਾ ਹਾਸਲ ਕਰਨ ਦੇ ਭਾਰਤੀ ਲੋਕਾਂ ਦੇ ਆਪਣੇ ਕਾਰਨ ਹੋਣਗੇ। ਜੋ ਰਾਸ਼ਟਰੀ ਪੱਧਰ 'ਤੇ ਘੋਖਣੇ ਦਾ ਵਿਸ਼ਾ ਹੈ। ਜੇਕਰ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਇੱਥੋਂ ਦੇ ਨੌਜਵਾਨ ਲੜਕੇ-ਲੜਕੀਆਂ ਵਿਦੇਸ਼ਾਂ ਵਿੱਚ ਪੜ੍ਹਨ ਜਾਂਦੇ ਹਨ ਅਤੇ

ਫਿਰ ਪੰਜਾਬ ਵਾਪਸ ਨਹੀਂ ਆਉਂਦੇ। ਉਹ ਵਿਦੇਸ਼ੀ ਨਾਗਰਿਕਤਾ ਹਾਸਲ ਕਰਕੇ ਉੱਥੇ ਖੁਸ਼ਹਾਲ ਜ਼ਿੰਦਗੀ ਜਿਊਂਦੇ ਹਨ। ਸੂਬੇ 'ਚ 2016 ਤੋਂ ਫਰਵਰੀ 2021 ਤੱਕ ਨੌਂ ਲੱਖ 84 ਹਜ਼ਾਰ ਨੌਜਵਾਨ ਪੰਜਾਬ ਅਤੇ ਚੰਡੀਗੜ੍ਹ ਤੋਂ ਵਿਦੇਸ਼ ਵੱਸ ਗਏ। ਇਸ ਵਿੱਚ ਕਰੀਬ 4 ਲੱਖ ਵਿਦਿਆਰਥੀ ਅਤੇ ਛੇ ਲੱਖ ਕਾਮੇ ਸਨ, ਜਦੋਂ ਕਿ 2022 ਅਤੇ ਇਸ ਸਾਲ ਅੰਦਰ ਇਹ ਅੰਕੜਾ ਹੋਰ ਤੇਜ਼ੀ ਨਾਲ ਵਧਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਿੰਡਾਂ ਦੇ ਪਿੰਡ ਖਾਲੀ ਹੋ ਰਹੇ ਹਨ। ਵੱਡੀਆਂ- ਵੱਡੀਆਂ ਕੋਠੀਆਂ ਨੂੰ ਤਾਲੇ ਵੱਜੇ ਹਨ ਤੇ ਕੋਠੀਆਂ ਭਾਂ- ਭਾਂ ਕਰ ਰਹੀਆਂ ਹਨ। ਬਜ਼ੁਰਗ ਸ਼ਾਮ ਨੂੰ ਇਕੱਠੇ ਹੋ ਕੇ ਵਿਦੇਸ਼ਾਂ 'ਚ ਗਏ ਆਪਣੇ ਜਿਗਰ ਦੇ ਟੋਟਿਆਂ ਦੀਆਂ ਗੱਲਾਂ ਕਰ ਦਿਲ ਹੌਲਾ ਕਰ ਲੈਂਦੇ ਹਨ। ਪੰਜਾਬ ਦੀ ਜਵਾਨੀ ਨੇ ਜੋ ਵੱਡੇ ਪੱਧਰ 'ਤੇ ਵਿਦੇਸ਼ਾਂ ਦਾ ਰੁੱਖ ਕੀਤਾ ਹੈ, ਤਾਂ ਇਸ ਦੀ ਪਿੱਠ ਭੂਮੀ ਇੱਕ ਦਿਨ ਵਿੱਚ ਤਿਆਰ ਨਹੀਂ ਹੋਈ। ਆਜ਼ਾਦੀ ਦੇ 75 ਸਾਲ ਬੀਤ ਜਾਣ ਬਾਅਦ ਅਸੀਂ ਅਜੇ ਆਪਣੇ ਨਾਗਰਿਕਾਂ ਨੂੰ ਮੁੱਢਲੀਆਂ ਸਹੂਲਤਾਂ ਵੀ ਨਹੀਂ ਦੇ ਸਕੇ। ਦੁਨੀਆ ਦੇ ਜੋ ਦੇਸ਼ ਸਾਡੇ ਕੋਲੋਂ ਵੀ 25-25 ਸਾਲ ਬਾਅਦ ਆਜ਼ਾਦ ਹੋਏ ਹਨ, ਮੁੱਢਲੀਆਂ ਸਹੂਲਤਾਂ ਦੇ ਮੁਕਾਬਲੇ ਅਸੀਂ ਉਨ੍ਹਾਂ ਤੋਂ ਕੋਹਾਂ ਦੂਰ ਅਤੇ ਪੱਛੜੇ ਹੋਏ ਹਾਂ।

ਇੱਥੇ ਇਹ ਜ਼ਿਕਰਯੋਗ ਹੈ ਕਿ ਜਿੱਥੇ ਬੱਚੇ ਵਿਦੇਸ਼ਾਂ ਨੂੰ ਜਾਣਾ ਚਾਹੁੰਦੇ ਹਨ, ਉਥੇ

8-NOV-PAGE-5.qxd 11/7/2023 10:25 PM Page 1

ਸੀ ਪੀ ਆਈ ਨੇ ਸਮਾਜਵਾਦੀ ਇਨਕਲਾਬ ਦਿਹਾੜੇ ਨੂੰ ਫਲਸਤੀਨ ਦੇ ਸੰਘਰਸ਼ ਨਾਲ ਇਕਮੁੱਠਤਾ ਵਜੋਂ ਮਨਾਇਆ

ਤੁਰੰਤ ਜੰਗਬੰਦੀ ਤੇ ਫਲਸਤੀਨੀਆਂ ਦੇ ਹੱਕ ਬਹਾਲ ਕਰਨ ਦੀ ਪੁਰਜ਼ੋਰ ਮੰਗ

ਲੁਧਿਆਣਾ (ਐੱਮ ਐੱਸ ਭਾਟੀਆ)-ਇੱਥੇ ਅਬਦੁਲਾਪੁਰ ਬਸਤੀ ਦੇ ਬਾਹਰ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਲੁਧਿਆਣਾ ਵੱਲੋਂ ਪਹਿਲੇ ਸਮਾਜਵਾਦੀ ਅਕਤੂਬਰ ਇਨਕਲਾਬ ਦੇ ਦਿਹਾੜੇ ਨੂੰ ਫਲਸਤੀਨੀਆਂ ਦੇ ਨਾਲ ਇੱਕਮੁੱਠਤਾ ਦਿਵਸ ਵਜੋਂ ਮਨਾਇਆ ਗਿਆ ਅਤੇ ਫਲਸਤੀਨੀਆਂ ਦੇ ਹੱਕਾਂ ਦੀ ਰਾਖੀ ਲਈ ਪ੍ਰਦਰਸ਼ਨ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਹਾਜ਼ਰ ਸਾਥੀਆਂ ਨੇ ਪਹਿਲੇ ਸਮਾਜਵਾਦੀ ਇਨਕਲਾਬ ਦੇ ਸ਼ਾਨਾਮੱਤਾ ਇਤਿਹਾਸ ਨੂੰ ਯਾਦ ਕਰਦੇ ਹੋਏ ਸੋਵੀਅਤ ਸੰਘ ਦੀ ਦੁਨੀਆ ਦੀਆਂ ਅਗਾਂਹਵਧੂ, ਪ੍ਰਗਤੀਸ਼ੀਲ ਤੇ ਆਜ਼ਾਦੀ ਪਸੰਦ ਲਹਿਰਾਂ ਦੇ ਸਮਰਥਨ ਨੂੰ ਚੇਤੇ ਕੀਤਾ। ਸੋਵੀਅਤ ਸੰਘ ਨੇ ਦੁਨੀਆ ਵਿੱਚ ਪਹਿਲੀ ਵਾਰ ਸਰਮਾਏਦਾਰੀ ਦੇ ਲੁੱਟ ਖਸੁੱਟ ਦੇ ਪ੍ਰਬੰਧ ਨੂੰ ਹਟਾ ਕੇ ਲੋਕ ਪੱਖੀ ਸਮਾਜਵਾਦੀ ਨਿਆਂ ਤੇ ਬਰਾਬਰੀ 'ਤੇ ਅਧਾਰਤ ਸਮਾਜ ਦੀ ਸਿਰਜਣਾ ਕੀਤੀ ਸੀ। ਅਜੋਕੇ ਸਮੇਂ ਇਸ ਘਟਨਾ ਦਾ ਬਹੁਤ ਜ਼ਿਆਦਾ ਮਹੱਤਵ ਹੋ ਗਿਆ ਹੈ। ਅੱਜ ਅਮਰੀਕਨ ਸਾਮਰਾਜ ਤੇ ਉਸ ਦੇ ਪਿੱਠੂ ਦੁਨੀਆ ਵਿੱਚ ਥਾਂ-ਥਾਂ ਜੰਗ ਲਾਈ ਬੈਠੇ ਹਨ ਤੇ ਲੋਕਾਂ ਦੀਆਂ ਜਾਨਾਂ ਦੀ ਕੀਮਤ 'ਤੇ ਹਥਿਆਰ ਵੇਚ ਕੇ ਅਥਾਹ ਧਨ ਕਮਾ ਰਹੇ ਹਨ। ਇਜ਼ਰਾਈਲ ਦੁਆਰਾ ਫਲਸਤੀਨ ਦੀ ਨਾਕਾਬੰਦੀ ਕਰਕੇ ਲਗਾਤਾਰ ਕੀਤੀ ਜਾ ਰਹੀ ਬੰਬਾਰੀ ਕਾਰਨ ਗਾਜਾ ਪੱਟੀ ਵਿੱਚ 10 ਹਜ਼ਾਰ ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚੋਂ ਅੱਧੇ ਦੇ ਕਰੀਬ ਛੋਟੇ ਛੋਟੇ ਬੱਚੇ ਹਨ। ਪ੍ਰਦਰਸ਼ਨ ਕਰ ਰਹੇ ਸਾਥੀਆਂ ਨੇ ਮੰਗ ਕੀਤੀ ਕਿ ਉੱਥੇ ਫੌਰਨ ਜੰਗਬੰਦੀ ਹੋਣੀ ਚਾਹੀਦੀ ਹੈ ਤੇ ਅਮਰੀਕਾ ਦੀ ਦਖਲ ਅੰਦਾਜ਼ੀ ਬੰਦ ਹੋਣੀ ਚਾਹੀਦੀ ਹੈ। ਬੰਧਕ ਬਣਾਏ ਗਏ ਨਾਗਰਿਕਾਂ ਨੂੰ ਤੁਰੰਤ ਰਿਹਾਅ ਕੀਤਾ ਜਾਣਾ ਚਾਹੀਦਾ ਹੈ। ਖਾਣ-ਪੀਣ ਦੀਆਂ ਵਸਤਾਂ, ਮੈਡੀਕਲ ਸਹਾਇਤਾ ਤੇ ਹੋਰ ਲੋੜਵੰਦ ਚੀਜ਼ਾਂ ਦੀ ਆਵਾਜਾਈ 'ਤੇ ਕੋਈ ਪਾਬੰਦੀ ਨਹੀਂ ਹੋਣੀ ਚਾਹੀਦੀ। ਜੰਗਬੰਦੀ ਉਪਰੰਤ ਗੱਲਬਾਤ ਰਾਹੀਂ ਦੋ ਰਾਜਾਂ ਦੇ ਸਿਧਾਂਤ ਨੂੰ ਲਾਗੂ ਕਰਕੇ ਫਲਸਤੀਨ ਨੂੰ ਬਕਾਇਦਾ ਮਾਨਤਾ ਦੇ ਕੇ ਇਜ਼ਰਾਈਲ ਤੇ ਫਲਸਤੀਨ ਵਿਚਕਾਰ ਅਮਨ ਤੇ ਸ਼ਾਂਤੀ ਨਾਲ ਸਹਿਹੋਂਦ ਸਥਾਪਤ ਕਰਨ ਦੀ ਲੋੜ ਹੈ।

ਯੂ ਐੱਨ ਓ ਵਿੱਚ ਜਾਰਡਨ ਵੱਲੋਂ ਜੰਗਬੰਦੀ ਦੇ ਮਤੇ ਦਾ ਅਮਰੀਕਾ ਤੇ ਉਸ ਦੇ ਸਹਿਯੋਗੀਆਂ ਨੇ ਵਿਰੋਧ ਕੀਤਾ। ਦੁੱਖ ਦੀ ਗੱਲ ਤਾਂ ਇਹ ਹੈ ਕਿ ਭਾਰਤ, ਜਿਹੜਾ ਹਮੇਸ਼ਾ ਅਮਨ ਤੇ ਸ਼ਾਂਤੀ ਦਾ ਅਲੰਬਰਦਾਰ ਰਿਹਾ ਹੈ, ਨੇ ਵੀ ਗੈਰ-ਹਾਜ਼ਰ ਰਹਿ ਕੇ ਇਸ ਮਤੇ ਦੇ ਹੱਕ ਵਿੱਚ ਵੋਟ ਨਹੀਂ ਪਾਈ। ਇਸ ਨੇ ਸਾਰੀ ਦੁਨੀਆ ਦੇ ਵਿੱਚ ਸਾਡੀ ਸਾਖ ਨੂੰ ਡੇਗਿਆ ਹੈ ਤੇ ਅਸੀਂ ਸਿੱਧਮ ਸਿੱਧਾ ਹਥਿਆਰ ਬਣਾਉਣ ਵਾਲੇ ਵਿਦੇਸ਼ੀ ਕਾਰਪੋਰੇਟਾਂ ਦੀ ਸੇਵਾ ਵਿੱਚ ਜਾ ਕੇ ਖੜੇ ਹੋ ਗਏ ਹਾਂ। ਇਹੀ ਸਰਕਾਰ ਅੱਜ ਦੇਸ਼ ਅੰਦਰ ਫਿਰਕੂ ਜ਼ਹਿਰ ਫੈਲਾ ਕੇ ਲੋਕਾਂ ਵਿੱਚ ਵੰਡੀਆਂ ਪਾ ਰਹੀ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਡੀ ਪੀ ਮੌੜ ਜ਼ਿਲ੍ਹਾ ਸਕੱਤਰ, ਡਾਕਟਰ ਅਰੁਣ ਮਿੱਤਰਾ, ਚਮਕੌਰ ਸਿੰਘ, ਐੱਮ ਐੱਸ ਭਾਟੀਆ, ਗੁਰਮੇਲ ਮੈਲਡੇ, ਡਾਕਟਰ ਰਜਿੰਦਰ ਪਾਲ ਸਿੰਘ ਔਲਖ, ਵਿਜੇ ਕੁਮਾਰ, ਕੇਵਲ ਸਿੰਘ ਬਨਵੈਤ, ਅਵਤਾਰ ਛਿੱਬੜ, ਕਾਮੇਸ਼ਵਰ ਯਾਦਵ, ਜਗਦੀਸ਼ ਰਾਏ ਬੌਬੀ, ਦੀਪਕ ਕੁਮਾਰ, ਮਨਜੀਤ ਸਿੰਘ, ਵਿਨੋਦ ਕੁਮਾਰ ਤੇ ਅਜੀਤ ਜਵੱਦੀ ਨੇ ਸੰਬੋਧਨ ਕੀਤਾ।

ਲੁਟੇਰੇ ਸਾਮਰਾਜ ਦਾ ਖਾਤਮਾ ਕੀਤੇ ਬਗੈਰ ਵਿਸ਼ਵ 'ਚ ਸ਼ਾਂਤੀ ਅਸੰਭਵ : ਮਹੀਪਾਲ

■ ਆਰ ਐੱਮ ਪੀ ਆਈ ਨੇ ਮਨਾਇਆ ਰੂਸੀ ਇਨਕਲਾਬ ਦਾ ਦਿਹਾੜਾ

ਬਠਿੰਡਾ (ਪਰਵਿੰਦਰ ਜੀਤ ਸਿੰਘ)

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐੱਮ.ਪੀ.ਆਈ.) ਦੀ ਬਠਿੰਡਾ ਜ਼ਿਲ੍ਹਾ ਕਮੇਟੀ ਵੱਲੋਂ ਅਕਤੂਬਰ ਇਨਕਲਾਬ (1917 ਦੀ ਰੂਸੀ ਸਮਾਜਵਾਦੀ ਕ੍ਰਾਂਤੀ) ਦੀ ਵਰ੍ਹੇਗੰਢ ਸਥਾਨਕ ਟੀਚਰਜ਼ ਹੋਮ ਵਿਖੇ ਸਾਥੀ ਮਿੱਠੂ ਸਿੰਘ ਘੁੱਦਾ ਤੇ ਦਰਸ਼ਨ ਸਿੰਘ ਫੁੱਲੋ ਮਿੱਠੀ ਦੀ ਪ੍ਰਧਾਨਗੀ ਹੇਠ ਭਰਵੀਂ ਜਨਰਲ ਬਾਡੀ ਮੀਟਿੰਗ ਕਰਕੇ ਮਨਾਈ ਗਈ। ਮੀਟਿੰਗ ਦੀ ਕਾਰਵਾਈ ਜ਼ਿਲ੍ਹਾ ਖਜ਼ਾਨਚੀ ਪ੍ਰਕਾਸ਼ ਸਿੰਘ ਨੰਦਗੜ੍ਹ ਨੇ ਚਲਾਈ। ਆਰੰਭ ਵਿੱਚ ਇੱਕ ਸ਼ੋਕ ਮਤੇ ਰਾਹੀਂ ਇਜ਼ਰਾਈਲ ਵੱਲੋਂ ਫਲਸਤੀਨੀਆਂ ਦੇ ਨਸਲਘਾਤ ਤੇ ਉਨ੍ਹਾਂ ਦੀ ਮਾਤ ਭੂਮੀ ਹੜੱਪਣ ਲਈ ਵਿੱਢੀ ਗਈ ਨਿਹੱਕੀ ਤੇ ਅਸਾਵੀਂ ਜੰਗ ਵਿੱਚ ਮਾਰੇ ਗਏ ਨਿਰਦੋਸ਼ ਲੋਕਾਂ, ਖਾਸ ਕਰਕੇ ਬੱਚਿਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਫਲਸਤੀਨ ਦੇ ਮੁਕਤੀ ਸੰਗਰਾਮ ਨਾਲ ਮੁਕੰਮਲ ਯਕਜਹਿਤੀ ਪ੍ਰਗਟਾਈ ਗਈ।

ਮੀਟਿੰਗ ਨੂੰ ਸੰਬੋਧਨ ਕਰਨ ਲਈ ਉਚੇਚੇ ਤੌਰ 'ਤੇ ਪੁੱਜੇ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਮਹੀਪਾਲ ਨੇ ਅਕਤੂਬਰ ਇਨਕਲਾਬ ਦੇ ਅਜੋਕੇ ਮਹੱਤਵ ਬਾਰੇ ਤਫ਼ਸੀਲ ਨਾਲ ਰੌਸ਼ਨੀ ਪਾਈ। ਸਾਥੀ ਮਹੀਪਾਲ ਨੇ ਕਿਹਾ ਕਿ ਸੰਸਾਰ ਭਰ ਦੇ ਗਰੀਬ ਦੇਸ਼ਾਂ ਦੇ ਕੁਦਰਤੀ ਵਸੀਲਿਆਂ ਤੇ ਕਿਰਤੀ ਲੋਕਾਈ ਦੀ ਬੇਕਿਰਕ ਲੁੱਟ ਜਾਰੀ ਰੱਖਣ ਲਈ ਜੰਗਾਂ ਭੜਕਾ ਰਹੇ ਸਾਮਰਾਜ ਦਾ ਖਾਤਮਾ ਕੀਤੇ ਬਗੈਰ ਵਿਸ਼ਵ ਸ਼ਾਂਤੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਲੁੱਟ-ਖਸੁੱਟ 'ਤੇ ਆਧਾਰਤ ਰਾਜਕੀ ਢਾਂਚੇ ਨੂੰ ਢਹਿ ਢੇਰੀ ਕਰਦਿਆਂ ਕਿਰਤੀਆਂ ਦੀ ਪੁੱਗਤ ਵਾਲਾ ਸਮਾਜਵਾਦੀ ਰਾਜ ਪ੍ਰਬੰਧ ਕਾਇਮ ਕੀਤੇ ਬਗੈਰ ਕਿਰਤੀਆਂ ਦੀ ਲੁੱਟ-ਚੋਂਘ, ਜਬਰ-ਵਿਤਕਰੇ ਤੋਂ ਬੰਦ ਖਲਾਸੀ ਹੋਣੀ ਅਸੰਭਵ ਹੈ। ਕੇਂਦਰੀ ਆਗੂ ਨੇ ਕਿਹਾ ਕਿ ਭਾਰਤ ਅੰਦਰ ਸਮਾਜਿਕ ਤਬਦੀਲੀ ਦਾ ਮਾਨਵਤਾਵਾਦੀ ਲੋਕ ਸੰਗਰਾਮ, ਸੰਘ ਪਰਵਾਰ ਦੇ ਮਨੂੰ ਸਿਮਰਤੀ 'ਤੇ ਆਧਾਰਤ, ਧਰਮ ਆਧਾਰਤ ਕੱਟੜ ਹਿੰਦੂ ਰਾਸ਼ਟਰ ਕਾਇਮ ਕਰਨ ਦੇ ਫਿਰਕੂ-ਫਾਸ਼ੀ, ਵੰਡਵਾਦੀ ਏਜੰਡੇ ਨੂੰ ਭਾਂਜ ਦਿੱਤੇ ਬਗੈਰ ਤੇ ਭਾਰਤੀ ਲੋਕਾਂ ਨੂੰ ਕੰਗਾਲ ਕਰਕੇ ਕਾਰਪੋਰੇਟ ਲੋਟੂਆਂ ਤੇ ਬਹੁਕੌਮੀ ਕਾਰਪੋਰੇਸ਼ਨ ਦੇ ਧਨ ਅੰਬਾਰਾਂ 'ਚ ਵਾਧਾ ਕਰਨ ਵਾਲੀਆਂ ਨਵ-ਉਦਾਰਵਾਦੀ ਨੀਤੀਆਂ ਨੂੰ ਰੱਦ ਕਰਕੇ ਹੀ ਜਿੱਤ ਵੱਲ ਵਧ ਸਕਦਾ ਹੈ। ਇਸ ਮੌਕੇ ਲੋਕ ਹਿੱਤਾਂ ਦੀ ਘੋਰ ਅਣਦੇਖੀ ਕਰਦਿਆਂ ਸਨਅਤਕਾਰਾਂ ਨੂੰ ਟੈਕਸ ਮਾਫੀ ਦੇ ਖੁੱਲ੍ਹੇ ਗੱਫੇ ਵਰਤਾਉਣ ਵਾਲੀ ਸੂਬੇ ਦੀ ਭਗਵੰਤ ਮਾਨ ਸਰਕਾਰ ਦੀ ਵੀ ਸਖ਼ਤ ਨਿੰਦਾ ਕੀਤੀ ਗਈ। ਇਸ ਮੌਕੇ ਮਲਕੀਤ ਸਿੰਘ ਮਹਿਮਾ ਸਰਜਾ, ਕੁਲਵੰਤ ਸਿੰਘ ਦਾਨ ਸਿੰਘ ਵਾਲਾ, ਜਸਵੀਰ ਸਿੰਘ ਢੱਡੇ, ਦਵਿੰਦਰ ਸਿੰਘ ਜੰਗੀਰਾਣਾ, ਹਰਵਿੰਦਰ ਸਿੰਘ ਨੇ ਵੀ ਵਿਚਾਰ ਰੱਖੇ।

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ) : ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਤੇ ਦਿਹਾਤੀ ਮਜ਼ਦੂਰ ਸਭਾ ਮੁਕਤਸਰ ਸਾਹਿਬ ਵੱਲੋਂ ਸੂਬਾ ਕਮੇਟੀ ਦੇ ਸੱਦੇ 'ਚੇ ਰੂਸ ਦੀ ਕ੍ਰਾਂਤੀ ਦਾ ਦਿਨ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਮਦਰੱਸਾ ਦੀ ਪ੍ਰਧਾਨਗੀ ਹੇਠ ਮਨਾਇਆ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਪਾਰਟੀ ਦੇ ਜ਼ਿਲ੍ਹਾ ਸਕੱਤਰ ਜਗਜੀਤ ਸਿੰਘ ਜੱਸੇਆਣਾ ਨੇ ਕਾਮਰੇਡ ਲੈਨਿਨ ਦੀ ਅਗਵਾਈ ਹੇਠ ਪਹਿਲੀ ਸਮਾਜਵਾਦੀ ਮਜ਼ਦੂਰ ਕ੍ਰਾਂਤੀ ਦੀ ਵਿਸਥਾਰ ਨਾਲ ਵਿਆਖਿਆ ਕੀਤੀ। ਉਨ੍ਹਾਂ ਕਿਹਾ ਕਿ ਰੂਸ ਦੀ ਕ੍ਰਾਂਤੀ ਦੇ ਕੀਤੇ ਕੰਮਾਂ ਦੀਆਂ ਬਰਕਤਾਂ ਅੱਜ ਵੀ ਲੋਕਾਂ ਦੇ ਦਿਲਾਂ ਵਿੱਚ ਵਸਦੀਆਂ ਹਨ। ਇਸ ਤਰ੍ਹਾਂ ਰੂਸ ਦੀਆਂ ਫੌਜਾਂ ਨੇ ਹਿਟਲਰ ਨੂੰ ਵੀ ਹਰਾ ਦਿੱਤਾ ਤੇ ਹਿਟਲਰ ਨੂੰ ਆਤਮ ਹੱਤਿਆ ਕਰਨੀ ਪਈ।

ਚੇਅਰਮੈਨ ਵੱਲੋਂ ਚਲਾਈ ਗਰੀਨ ਦੀਵਾਲੀ ਮਨਾਉਣ ਦੀ ਮੁਹਿੰਮ ਦੀ ਕੈਬਨਿਟ ਮੰਤਰੀ ਨੇ ਕੀਤੀ ਸ਼ਲਾਘਾ

ਇਸ ਵਾਰ ਪ੍ਰਦੂਸ਼ਣ ਮੁਕਤ ਦੀਵਾਲੀ ਮਨਾਉਣ ਦੀ ਪੰਜਾਬ ਵਾਸੀਆਂ ਨੂੰ ਕੀਤੀ ਅਪੀਲ

ਨਾਭਾ (ਵਰਿੰਦਰ ਵਰਮਾ)-ਬੀਤੇ ਦਿਨੀ ਆਡੀਟੋਰੀਅਮ ਹਾਲ ਚੰਡੀਗੜ੍ਹ ਹੋਈ ਨਗਰ ਸੁਧਾਰ ਟਰੱਸਟਾਂ ਦੀ ਮੀਟਿੰਗ ਦੌਰਾਨ ਕੈਬਨਿਟ ਮੰਤਰੀ ਬਲਕਾਰ ਸਿੰਘ ਸਥਾਨਕ ਸਰਕਾਰ ਮੰਤਰੀ ਪੰਜਾਬ ਨੇ ਚੇਅਰਮੈਨ ਸੁਰਿੰਦਰਪਾਲ ਸ਼ਰਮਾ ਵੱਲੋਂ ਚਲਾਈ ਗਰੀਨ ਦਿਵਾਲੀ ਮਨਾਉਣ ਦੀ ਮੁਹਿੰਮ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਚੇਅਰਮੈਨ ਸੁਰਿੰਦਰਪਾਲ ਸ਼ਰਮਾ ਇੰਪਰੂਵਮੈਂਟ ਟਰੱਸਟ ਨਾਭਾ ਵੱਲੋਂ ਸ਼ਲਾਘਾਯੋਗ ਕਦਮ ਹੈ। ਗਰੀਨ ਦਿਵਾਲੀ ਨੂੰ ਮੁੱਖ ਰੱਖਦਿਆਂ ਵੱਧ ਤੋਂ ਵੱਧ ਰੁੱਖ ਲਗਵਾ ਰਹੇ ਹਨ। ਗਰਾਊਂਡ ਪੱਧਰ 'ਤੇ ਜਾ ਕੇ ਲੋਕਾਂ ਦੀ ਸੇਵਾ ਕਰਦੇ ਹਨ ਤੇ ਰੁੱਖ ਲਗਾਉਣ ਦਾ ਸੰਦੇਸ਼ ਵੱਡੇ ਪੱਧਰ 'ਤੇ ਦੇ ਰਹੇ ਹਨ। ਇਸ ਤਰ੍ਹਾਂ ਦੇ ਕਾਰਜ ਸਾਨੂੰ ਸਭ ਨੂੰ ਪਹਿਲ ਦੇ ਅਧਾਰ 'ਤੇ ਕਰਨੇ ਚਾਹੀਦੇ ਹਨ। ਇਸ ਮੀਟਿੰਗ ਵਿੱਚ ਪੰਜਾਬ ਭਰ ਦੇ ਨਗਰ ਸੁਧਾਰ ਟਰੱਸਟਾਂ ਦੇ ਚੇਅਰਮੈਨ ਤੇ ਡਾਇਰੈਕਟਰ ਸਾਹਿਬ ਵੀ ਸ਼ਾਮਲ ਸਨ। ਸੁਰਿੰਦਰ ਪਾਲ ਸ਼ਰਮਾ ਨੇ ਪੰਜਾਬ ਵਿੱਚ ਫੈਲ ਰਹੀਆਂ ਗੰਭੀਰ ਬਿਮਾਰੀਆਂ ਤੋਂ ਸੁਚੇਤ ਕਰਦਿਆਂ ਇਸ ਵਾਰ ਪ੍ਰਦੂਸ਼ਣ ਮੁਕਤ ਦੀਵਾਲੀ ਮਨਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਪਰਾਲੀ ਜਲਾਉਣ ਦੀ ਥਾਂ ਇਸ ਨੂੰ ਸੰਭਾਲ ਕੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਸ ਦੀ ਸੰਭਾਲ ਕਰਨ, ਕਿਉਂਕਿ ਇਨ੍ਹਾਂ ਦਿਨਾਂ ਵਿੱਚ ਲੱਖਾਂ ਟਨ ਪਟਾਕੇ ਵੀ ਜਲਾਏ ਜਾਂਦੇ ਹਨ, ਜਿਸ ਨਾਲ ਹਵਾ ਵਿੱਚ ਪ੍ਰਦੂਸ਼ਣ ਇੰਨਾ ਵਧ ਜਾਂਦਾ ਹੈ ਕਿ ਇਸ ਨਾਲ ਇਨਸਾਨੀ ਜੀਵਨ ਤੇ ਸਾਹ ਲੈਣ ਵਾਲੇ ਜਾਨਵਰਾਂ ਲਈ ਵੀ ਦਿਨੋਂ ਦਿਨ ਧਰਤੀ 'ਤੇ ਰਹਿਣਾ ਮੁਸ਼ਕਲ ਹੁੰਦਾ ਜਾ ਰਿਹਾ ਹੈ।

ਕਾਤਰਾਂ

ਹਰਜਿੰਦਰ ਸਿੰਘ ਜੱਸਲ ਨੇ ਬਤੌਰ ਐੱਸ ਡੀ ਐੱਮ ਚਾਰਜ ਸੰਭਾਲਿਆ

ਤਲਵੰਡੀ ਸਾਬੋ (ਜਗਦੀਪ ਗਿੱਲ)-ਸਬ ਡਵੀਜ਼ਨ ਤਲਵੰਡੀ ਸਾਬੋ ਦੇ ਨਵੇਂ ਆਏ ਐੱਸ.ਡੀ.ਐੱਮ. ਹਰਜਿੰਦਰ ਸਿੰਘ ਜੱਸਲ ਨੇ ਪਿਛਲੇ ਦਿਨੀਂ ਆਪਣਾ ਅਹੁਦਾ ਸੰਭਾਲ ਲਿਆ ਹੈ। ਅਹੁਦਾ ਸੰਭਾਲਣ ਉਪਰੰਤ ਉਨ੍ਹਾ ਕਿਹਾ ਕਿ ਲੋਕਾਂ ਨੂੰ ਸਾਫ ਸੁਥਰਾ ਪ੍ਰਸ਼ਾਸਨ ਦੇਣਾ ਤੇ ਲੋਕਾਂ ਦੀਆਂ ਮੁਸ਼ਕਲਾਂ ਦਾ ਸਮਾਂਬੱਧ ਹੱਲ ਕਰਨਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਦਾ ਹੱਲ ਬਿਨਾਂ ਦੇਰੀ ਸਮੇਂ ਸਿਰ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਦਫਤਰ ਵਿਖੇ ਆਪਣੇ ਕੰਮਾਂ ਕਾਜਾਂ ਸਬੰਧੀ ਆਉਣ ਜਾਣ ਵਾਲਿਆਂ ਨੂੰ ਕਿਸੇ ਵੀ ਕਿਸਮ ਦੀ ਕੋਈ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਉਨ੍ਹਾਂ ਨਗਰ ਨਿਵਾਸੀਆਂ ਤੇ ਪਿੰਡ ਵਾਸੀਆਂ ਨੂੰ ਕਿਹਾ ਕਿ ਕੋਈ ਵੀ ਆਪਣੇ ਕੰਮ ਸਬੰਧੀ ਦਫਤਰ ਸਮੇਂ ਮੈਨੂੰ ਮਿਲ ਸਕਦਾ ਹੈ।

ਗਿਆਨੀ ਭਰਪੂਰ ਸਿੰਘ ਸਕੱਤਰ ਨਿਯੁਕਤ

ਬੁਢਲਾਡਾ (ਅਸ਼ੋਕ ਲਾਕੜਾ)-ਬੁਢਲਾਡਾ ਸ਼ਹਿਰ ਦੇ ਜੰਮਪਲ ਗਿਆਨੀ ਭਰਪੂਰ ਸਿੰਘ ਨੂੰ ਰਾਜ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਨਿਯੁਕਤ ਕੀਤਾ ਗਿਆ ਹੈ। ਉਹ ਇਸ ਤੋਂ ਪਹਿਲਾਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਹੰਤ ਕਰਮਜੀਤ ਸਿੰਘ ਦੇ ਓ.ਐੱਸ.ਡੀ. ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਗਿਆਨੀ ਭਰਪੂਰ ਸਿੰਘ ਦੀ ਇਸ ਨਿਯੁਕਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਹਲਕਾ ਵਿਧਾਇਕ ਬੁੱਧਰਾਮ, ਐਡਵੋਕੇਟ ਮਹਿਲ ਸਿੰਘ ਸਿੱਧੂ, ਮਾਸਟਰ ਕੁਲਵੰਤ ਸਿੰਘ, ਲੇਖਕ ਪਾਲ ਸਿੰਘ ਸਿੱਧੂ, ਐਡਵੋਕੇਟ ਕਿਰਪਾਲ ਸਿੰਘ ਕਾਲੜਾ, ਜਥੇਦਾਰ ਗਿਆਨ ਸਿੰਘ ਗਿੱਲ, ਡਾਕਟਰ ਕਰਨੈਲ ਵੈਰਾਗੀ, ਡਾਕਟਰ ਪ੍ਰਿਤਪਾਲ ਸਿੰਘ ਕੋਹਲੀ ਆਦਿ ਨੇ ਇਸ ਨਿਯੁਕਤੀ ਦਾ ਸਵਾਗਤ ਕੀਤਾ ਹੈ।

ਅਸ਼ਲੀਲ ਹਰਕਤਾਂ ਕਰਨ ਦੇ ਦੋਸ਼ 'ਚੋਂ ਬਾਕਸਿੰਗ ਕੋਚ ਬਰੀ

ਸੰਗਰੂਰ (ਪ੍ਰਵੀਨ ਸਿੰਘ)-ਪੁਲਸ ਥਾਣਾ ਸਿਟੀ ਸੰਗਰੂਰ ਵਿਖੇ 14 ਜੁਲਾਈ 2022 ਨੂੰ ਇੱਕ ਨਾਬਾਲਗ ਲੜਕੀ ਵੱਲੋਂ ਬਾਕਸਿੰਗ ਕੋਚ ਗੁਰਦਿੱਤ ਸਿੰਘ ਉਰਫ ਗੁਰਦਿੱਤ ਪੁਰੀ ਖਿਲਾਫ ਲਿਖਵਾਈ ਸ਼ਿਕਾਇਤ ਕਿ ਕੋਚ ਉਸ ਨੂੰ ਗਲਤ ਨਜ਼ਰਾਂ ਨਾਲ ਵੇਖਦਾ ਸੀ ਤੇ ਪ੍ਰੈਕਟਿਸ ਦੇ ਬਹਾਨੇ ਅਸ਼ਲੀਲ ਹਰਕਤਾਂ ਕਰਦਾ ਸੀ। ਜਦੋਂ ਉਹ ਉਸ ਦਾ ਵਿਰੋਧ ਕਰਦੀ ਸੀ ਤਾਂ ਉਸ ਨੂੰ ਚੁੱਪ ਰਹਿਣ ਲਈ ਕਹਿੰ

page-6-8-(NOVE)-2023-G-(BV).qxd 11/7/2023 10:33 PM Page 1

ਮੋਟਾ ਝੋਨਾ ਉੱਗਣ ਕਾਰਨ ਝੋਨੇ ਦੀ ਸਿੱਧੀ ਬਿਜਾਈ ਕਿਸਾਨਾਂ ਲਈ ਬਣੀ ਸਿਰਦਰਦੀ

ਜਲਾਲਾਬਾਦ (ਰਣਬੀਰ ਕੌਰ ਢਾਬਾਂ)- ਮੰਡੀਆਂ ਵਿਚ ਸਿੱਧੇ ਝੋਨੇ ਦੀ ਬਿਜਾਈ ਦਾ ਫਾਰਮੂਲਾ ਹੁਣ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ 'ਤੇ ਪੁੱਠਾ ਪੈ ਗਿਆ ਹੈ। ਡਰਿੱਲ ਨਾਲ ਕੀਤੀ ਬਿਜਾਈ ਵਿਚ ਚੋਭੇ ਵਾਲਾ ਝੋਨੇ ਦੀ ਪੈਦਾਵਾਰ ਜ਼ਿਆਦਾ ਹੋਣ ਕਾਰਨ ਮੰਡੀਆਂ ਵਿਚ ਕਿਸਾਨਾਂ ਨੂੰ ਇਸ ਨੂੰ ਵੇਚਣ ਵਿਚ ਦਿੱਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜ਼ਿਲ੍ਹੇ ਵਿਚ ਸੈਂਕੜੇ ਏਕੜ ਜ਼ਮੀਨ 'ਤੇ ਸਿੱਧੇ ਝੋਨੇ ਦੀ ਬਿਜਾਈ ਕੀਤੀ ਗਈ ਹੈ। ਪਰ ਹੁਣ ਮੰਡੀਆਂ ਵਿਚ ਮੁਸ਼ਕਿਲ ਇਹ ਹੈ ਕਿ ਇਸ ਝੋਨੇ ਦੀ ਖਰੀਦ ਕਰਨ ਵਾਲਾ ਕੋਈ ਵਪਾਰੀ ਨਹੀਂ ਦਿਸਦਾ। ਹਰ ਕੋਈ ਇਸ ਨੂੰ ਅਣਦੇਖਿਆ ਕਰ ਰਿਹਾ ਹੈ। ਫ਼ਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਮੋਹਰ ਸਿੰਘ ਵਾਲਾ ਦੇ ਕਿਸਾਨ ਕੇਵਲ ਕ੍ਰਿਸ਼ਨ ਨੇ ਦੱਸਿਆ ਕਿ ਉਸ ਵੱਲੋਂ ਖੇਤੀਬਾੜੀ ਵਿਭਾਗ ਦੀਆਂ ਹਦਾਇਤਾਂ 'ਤੇ 1886 ਵੈਰਾਇਟੀ ਜਿਸ ਨੂੰ ਮੁੱਛਲ ਵੀ ਕਿਹਾ ਜਾਂਦਾ ਹੈ, ਦੀ ਬਿਜਾਈ ਕੀਤੀ ਗਈ ਸੀ। ਜਿਸ ਵਿਚ ਹੁਣ 4 ਤੋਂ 5 ਹਿੱਸੇ ਚੋਭੇ ਵਾਲਾ ਝੋਨਾ ਮਤਲਬ ਮੋਟੇ ਦਾਣੇ ਵਾਲਾ ਝੋਨਾ ਵੀ ਹੋ ਗਿਆ ਹੈ। ਜਿਸ ਕਾਰਨ ਹੁਣ ਉਨ੍ਹਾਂ ਨੂੰ ਖੇਤਾਂ ਵਿਚ ਇਸ ਦੀ ਵਾਢੀ ਕਰਵਾਉਣ ਲਈ ਮਜ਼ਦੂਰਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ। ਜਿਸ ਦੀ ਵਾਢੀ ਲਈ 2 ਹਜ਼ਾਰ ਰੁਪਏ ਪ੍ਰਤੀ ਕਿੱਲੇ ਦੇ ਹਿਸਾਬ ਨਾਲ ਹੋਰ ਖਰਚਾ ਕਰਨਾ ਪੈ ਰਿਹਾ ਹੈ। ਉਸ ਨੇ ਦੱਸਿਆ ਕਿ ਇਸ ਵਿਚ ਕੁਝ ਝੋਨਾ ਮੋਟੇ ਦਾਣੇ ਵਾਲਾ ਹੋ ਗਿਆ ਹੈ। ਜਿਸ ਕਾਰਨ ਇਸ ਦੀ ਕੁਆਲਿਟੀ ਵਿਚ ਦਿੱਕਤ ਆ ਗਈ ਹੈ। ਇਹ ਕੁਆਲਿਟੀ ਹੀ ਕਿਸਾਨਾਂ ਦੀ ਦੁਸ਼ਮਣ ਬਣ ਗਈ ਹੈ। ਕਿਸਾਨ ਨੇ ਦੱਸਿਆ ਕਿ ਉਹ ਮੰਡੀਆਂ ਵਿਚ ਬੈਠੇ ਵਪਾਰੀਆਂ ਦੀ ਉਡੀਕ ਕਰ ਰਹੇ ਹਨ। ਕਿਸਾਨ ਨੇ ਦੁਖੀ ਮਨ ਨਾਲ ਦੱਸਿਆ ਕਿ ਉਸ ਨੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਵੀ ਇਸ ਦੇ ਹੱਲ ਲਈ ਪੁੱਛਿਆ ਸੀ। ਪਰ ਕਿਸੇ ਨੇ ਇਸ ਦਾ ਹੱਲ ਨਹੀਂ ਦੱਸਿਆ।

ਉਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਚਾਰ, ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 28.11.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜ਼ਾਜਤ ਨਹੀਂ ਹੈ।

ਨਿਵਿਦਾ ਪ੍ਰਕਾਰ	ਖੁਲ੍ਹਾ	ਨਿਵਿਦਾ ਅਨੁਭਾਗ	ਕੰਮ	ਬੋਲੀ ਪ੍ਰਣਾਲੀ	ਏਕਲ ਬੋਲੀ ਪ੍ਰਣਾਲੀ
ਨਿਵਿਦਾ ਅਪਲੋਡ ਕਰਨ ਦੀ ਮਿਤੀ	04.11.2023	ਬੋਲੀ ਸ਼ੁਰੂ ਦੀ ਮਿਤੀ	14.11.2023	ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ	28.11.2023 15:00 ਵਜੇ

ਲ.ਨੰ.	ਨਿਵਿਦਾ ਨੰ.	ਨਿਵਿਦਾ ਦਾ ਵੇਰਵਾ
1.	308-2023-24-BDGM-DRM-FZR	ਸਹਾਇਕ ਮੰਡਲ ਇੰਜੀਨੀਅਰ(ਉਪਮਪੁਰ) ਸ਼ਹੀਦ ਕੈਪਟਨ ਤੁਸ਼ਾਰ ਮਹਾਜਨ ਦੇ ਤਹਿਤ ਰੇਲਵੇ ਸਟੇਸ਼ਨ ਸ਼ਹੀਦ ਕੈਪਟਨ ਤੁਸ਼ਾਰ ਮਹਾਜਨ ਤੋਂ ਬਡਗਾਮ ਰੇਲਵੇ ਸਟੇਸ਼ਨ ਤਕ ਸੜਕ ਮਾਰਗ ਤੋਂ ਨੰਬਰ 10 ਪਰਿਵਹਨ ਦਾ ਕੰਮਾਂ ਬਲਾਸਟ ਹਾਪਰ ਬਾਬਿਨ ਵੈਗਨ ਨੂੰ ਲੈ ਜਾਣ ਲਈ।

ਵਿਗਿਆਪਨ ਮੂਲ	ਬਿਆਨਾ ਰਾਸ਼ੀ	ਆਫਰ ਦੀ ਵੈਲੇਡਿਟੀ	ਸਮਾਪਤੀ ਦਾ ਸਮਾਂ
₹94,96,136.80	₹1,89,900/-	60 ਦਿਨ	03 ਮਹੀਨੇ

ਸਮਾਨ ਨੇਚਰ ਦਾ ਕੰਮ: "ਕਿਸੇ ਵੀ ਵੱਡੇ ਆਕਾਰ ਦੀ ਖੇਪ ਜਿਵੇਂ ਟਨਲ ਬੋਰਿੰਗ ਮਸ਼ੀਨ, ਬਾਯਲਰ, ਪਾਵਰ ਪਲਾਂਟ ਦੇ ਹਿਸੇ ਅਤੇ ਬੀਜੀ ਰੇਲ ਕੋਚ ਆਦਿ ਦਾ ਸੜਕ ਮਾਰਗ ਤੋਂ ਪਰਿਵਹਨ, ਜਿਵੇਂ ਕਿ ਜੰਮੂ-ਕਸ਼ਮੀਰ ਵਿਚ ਟਮਕੀ ਕੰਮ ਕਰਦਾ ਹੈ।"

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ।

ਨਿਵਿਦਾ ਸੂਚਨਾ ਪੱਤਰ ਨੰ.: 308-2023-24-BDGM-DRM-FZR ਤਾਰੀਕ : 06.11.2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3484/2023

ਉੱਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ, ਉੱਤਰ ਰੇਲਵੇ, ਫਿਰੋਜ਼ਪੁਰ, ਦੁਵਾਰਾ ਹੇਠਾ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਜਾਂਦੀ ਹੈ।

1) ਨੀਲਾਮੀ ਸੂਚੀ ਨੰ: FZRPARCEL59
ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ: 14.11.23 ਨੂੰ 11:00 ਵਜੇ
ਕੰਮ ਦਾ ਨਾਮ : ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਉਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੈਂਟ 14508-R1. 14508-F2. 14634-R1. 14634-F2, 14508-F1, 12752-F1, 19614-F1, 22430-F1, 14633-F1, 14634-F1, 14633-R1, 14654-R1, 14654-F1, 14654-F2 & 14633-F2.

2) ਨੀਲਾਮੀ ਸੂਚੀ ਨੰ: EAFZR-WVM23-7
ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ: 14.11.23 ਨੂੰ 11:00 ਵਜੇ
ਕੰਮ ਦਾ ਨਾਮ : ਫਰੀਦਕੋਟ, ਫਿਲੋਰ, ਕਠੂਆ, ਫਿਰੋਜ਼ਪੁਰ ਛਾਵਣੀ, ਪਠਾਨਕੋਟ ਛਾਵਣੀ ਤੇ ਉਧਮਪੁਰ ਰੇਲਵੇ ਸਟੇਸ਼ਨਾਂ ਉਤੇ ਵਾਟਰ ਵੈਡਿੰਗ ਮਸ਼ੀਨਾਂ ਦੇ ਸੰਚਾਲਨ ਅਤੇ ਰੱਖ-ਰੱਖਾਵ ਦੇ ਲਈ ਠੇਕੇ ਦਾ ਅਲਾਟਮੈਂਟ।

3) ਨੀਲਾਮੀ ਸੂਚੀ ਨੰ: FZRPARCEL60
ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ: 15.11.23 ਨੂੰ 11:00 ਵਜੇ
ਕੰਮ ਦਾ ਨਾਮ : ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਉਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੈਂਟ 12588-F1, 14616-F1, 12550-F1, 22706-F1, 22942-F1, 19108-F1, 15098-F1, 12422-F1, 22446-F1, 12470-F1, 12498-F1, 22486-F1, 19612-F1, 19028-F1, 12414-F1 & 12920-F1.

4) ਨੀਲਾਮੀ ਸੂਚੀ ਨੰ: EAFZR-OH23-23
ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ: 15.11.23 ਨੂੰ 11:00 ਵਜੇ
ਕੰਮ ਦਾ ਨਾਮ : ਕ) ਪਠਾਨਕੋਟ, ਜਲੰਧਰ ਸਿਟੀ, ਜੰਮੂ ਤਵੀ, ਬਾਡੀ ਬ੍ਰਹਮਣਾ, ਸੁਜਾਨਪੁਰ, ਸਾਹਨੇਵਾਲ ਅਤੇ ਅੰਮ੍ਰਿਤਸਰ ਰੇਲਵੇ ਸਟੇਸ਼ਨ ਉਤੇ ਪਾਣੀ ਦੀ ਟੰਕੀਆਂ ਦੇ ਓਵਰਹੇਡ ਦੇ ਬਾਹਰੀ ਹਿੱਸੇ ਉਤੇ ਵਾਣਿਜਿਯਕ ਵਿਗਿਆਪਨ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ।
ਖ) ਛੀਨਾ, ਵੇਰਕਾ, ਜੈਂਤੀਪੁਰਾ, ਬਟਾਲਾ, ਭਗਤਾਵਾਲਾ ਅਤੇ ਪਟਟੀ ਰੇਲਵੇ ਸਟੇਸ਼ਨਾਂ ਤੋਂ ਸਟੇ ਲੇਵਲ ਕਰੋਸਿੰਗ ਉਤੇ ਹੋਰਡਿੰਗ ਦੇ ਦੁਵਾਰਾ ਤੋਂ ਵਾਣਿਜਿਯਕ ਪ੍ਰਚਾਰ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ।
ਗ) ਮੱਖੂ ਤੇ ਨਕੋਦਰ ਰੇਲਵੇ ਸਟੇਸ਼ਨ ਉਤੇ ਪਾਣੀ ਦੀ ਟੰਕੀਆਂ ਦੇ ਓਵਰਹੇਡ ਦੇ ਬਾਹਰੀ ਹਿੱਸੇ ਉਤੇ ਵਾਣਿਜਿਯਕ ਵਿਗਿਆਪਨ ਅਧਿਕਾਰਾਂ ਦੇ ਲਈ ਠੇਕੇ ਦਾ ਅਲਾਟਮੈਂਟ।

5) ਨੀਲਾਮੀ ਸੂਚੀ ਨੰ: EAFZR-PnU23-17
ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ: 15.11.23 ਨੂੰ 12:30 ਵਜੇ
ਕੰਮ ਦਾ ਨਾਮ : 1) ਅੰਮ੍ਰਿਤਸਰ ਰੇਲਵੇ ਸਟੇਸ਼ਨ ਉਤੇ ਪੇ ਐਂਡ ਯੂਜ਼ ਪਖਾਨਿਆਂ ਦੇ ਸੰਚਾਲਨ ਅਤੇ ਰੱਖ-ਰੱਖਾਵ ਦੇ ਲਈ ਠੇਕੇ ਦਾ ਅਲਾਟਮੈਂਟ।
2) ਸ੍ਰੀ ਮਾਤਾ ਵੈਸ਼ਣੋ ਦੇਵੀ ਕਟਰਾ ਰੇਲਵੇ ਸਟੇਸ਼ਨ ਕਲਾਕ ਰੂਮ ਦੇ ਸੰਚਾਲਨ ਦੇ ਲਈ ਠੇਕੇ ਦਾ ਅਲਾਟਮੈਂਟ।

6) ਨੀਲਾਮੀ ਸੂਚੀ ਨੰ: FZRPARCEL61
ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ: 16.11.23 ਨੂੰ 10:30 ਵਜੇ
ਕੰਮ ਦਾ ਨਾਮ : ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਉਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੈਂਟ 14632-F1, 22480-F1, 14505-R1, 22402-F1, 12014-F1, 14036-R1, 12242-F1, 14036-F2, 14505-F2, 22552-F1, 22432-F1, 14036-F1, 14505-F1, 14630-F1, 12478-F1, 19804-F1, 14606-F1, 19326-F1, 12414-VP & 12472-VP.

7) ਨੀਲਾਮੀ ਸੂਚੀ ਨੰ: FZRPARCEL62
ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ: 17.11.23 ਨੂੰ 10:30 ਵਜੇ
ਕੰਮ ਦਾ ਨਾਮ : ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਉਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੈਂਟ 15532-F1, 19226-F1, 14630-R1, 12426-F1, 19226-R1, 14601-R1, 14601-F2, 14614-R1, 14610-F1, 12412-F1, 14624-F1, 14624-F2, 14624-R1, 22462-F1, 12238-F2, 14614-F1, 19224-R1, 12238-R1, 14632-R1, 14034-F1, 12446-F1, 19224-F1, 14682-F1, 14601-F1 & 12238-F1.

8) ਨੀਲਾਮੀ ਸੂਚੀ ਨੰ: FZRPARCEL63
ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ: 18.11.23 ਨੂੰ 10:30 ਵਜੇ
ਕੰਮ ਦਾ ਨਾਮ : ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਜ ਉਤੇ ਦੇਣ ਦਾ ਠੇਕਾ (ਟ੍ਰੇਨ ਨੰਬਰ/ਐਸਐਲਆਰ ਕੰਮਪਾਰਟਮੈਂਟ 14504-R1, 12032-F1, 15212-R1, 14612-F1, 19416-F1, 12492-F1, 14504-F1, 15212-F1, 12266-F1, 12474-F1, 20986-F1 & 12476-F1.

ਪੂਰੀ ਜਾਣਕਾਰੀ ਅਤੇ ਰਜਿਸਟਰੈਸ਼ਨ ਦੇ ਲਈ, ਕ੍ਰਿਪਾ ਰੇਲਵੇ ਦੀ ਵੇਬਸਾਈਟ www.ireps.gov.in ਉਤੇ ਜਾਉ। 3477/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

AXIS BANK

Retail Asset Center : 2nd and 3rd Floor, Property No. 7-E, Malhar Road, Saraabha Nagar, Ludhiana -141001
Corporate Office : "Axis House", C-2, Wadia International Centre, Pandurang Budhkar Marg, Worli, Mumbai – 400025
Registered Office : "Trishul", 3rd Floor Opp. Samartheshwar Temple Law Garden, Ellisbridge Ahmedabad – 380006

ਅਚੱਲ ਜਾਇਦਾਦਾਂ ਦੀ ਵਿੱਕਰੀ ਵਾਸਤੇ ਈ-ਨਿਲਾਮੀ ਵਿਕਰੀ ਨੋਟਿਸ

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੈ, ਜਿਸ ਦਾ ਭੌਤਿਕ ਕਬਜ਼ਾ ਸਕਿਉਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿੱਕਰੀ ਜੋ ਵੀ ਹੈ ਜਿਵੇਂ ਹੈ", "ਜਿਵੇਂ ਹੈ ਜਿੱਥੇ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ, 3.11.2023 ਨੂੰ ਬਕਾਇਆ ਰਕਮ ਰੁਪਏ 9,01,099/- (ਰੁਪਏ ਨੌ ਲੱਖ ਇੱਕ ਹਜ਼ਾਰ ਨਤ੍ਰਿਨਵੇਂ ਰੁਪਏ ਕੇਵਲ) ਸਮੇਤ ਭਵਿੱਖੀ ਵਿਆਜ ਅਤੇ ਲਾਗਤਾਂ, ਸਕਿਉਰਡ ਕ੍ਰੈਡਿਟਰ (1) ਸ੍ਰੀ ਜਤਿੰਦਰ ਸਿੰਘ ਆਰ ਸਹੋਤਾ ਪੁੱਤਰ ਰਾਮ ਸਿੰਘ (2) ਮਿਸਿਜ਼ ਵੀਨਾ ਆਰ ਸਹੋਤਾ ਪਤਨੀ ਰਾਮ ਸਿੰਘ, ਕਰਜ਼ਾ ਖਾਤਾ ਨੰ: ਪੀ ਐੱਚ ਆਰ 01950 1667324 ਵੱਲ ਬਕਾਇਆ ਵਸੂਲਣ ਲਈ 13.12.2023 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕ੍ਰਿਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ:-

ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ)	ਕੋਈ ਨਹੀਂ
ਰਾਖਵੀਂ ਕੀਮਤ (ਰੁਪਏ 'ਚ)	14,29,400/- (ਰੁਪਏ ਚੌਦਾਂ ਲੱਖ ਉਨੱਤੀ ਹਜ਼ਾਰ ਚਾਰ ਸੌ ਰੁਪਏ ਕੇਵਲ)
ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ)	ਰੁਪਏ 1,42,940/- (ਰੁਪਏ ਇੱਕ ਲੱਖ ਬਤਾਲੀ ਹਜ਼ਾਰ ਨੌ ਸੌ ਚਾਲੀ ਰੁਪਏ ਕੇਵਲ)
ਬੋਲੀ ਵਾਧਾ ਰਕਮ	ਰੁਪਏ 10,000/- (ਦਸ ਹਜ਼ਾਰ ਰੁਪਏ ਕੇਵਲ)
ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ :-	11 ਦਸੰਬਰ 2023, ਸ਼ਾਮ ਦੇ 5.00 ਵਜੇ ਤੱਕ ਅਤੇ ਐਕਸਿਸ ਬੈਂਕ ਲਿਮਟਿਡ ਰਿਟੇਲ ਐੱਸਟ ਸੈਂਟਰ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001
ਜਨਤਕ ਈ-ਨਿਲਾਮੀ ਲਈ ਮਿਤੀ, ਸਮਾਂ ਅਤੇ ਸਥਾਨ :-	13 ਦਸੰਬਰ 2023, ਸਵੇਰੇ 11.00 ਵਜੇ ਅਤੇ ਦੁਪਹਿਰ 1.00 ਵਜੇ ਦਰਮਿਆਨ ਅਸੀਮਤ ਹਰੇਕ, 5 ਮਿੰਟਾਂ ਦੇ ਵਾਧੇ, ਵੈੱਬਪੋਰਟਲ, https://www.bankeauctions.com ਈ-ਨੀਲਾਮੀ ਟੈਂਡਰ ਦਸਤਾਵੇਜ਼ ਜਿਸ ਵਿੱਚ ਈ-ਨਿਲਾਮੀ ਬੋਲੀ ਫਾਰਮ, ਐਲਾਨਨਾਮਾ ਆਦਿ ਹਨ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ।

ਸਾਰਣੀ-ਜਾਇਦਾਦ ਦਾ ਵੇਰਵਾ

ਜਤਿੰਦਰ ਸਿੰਘ ਦੇ ਨਾਂਅ ਅਲੀਪੁਰ-ਅਰਾਈਆਂ, ਤਹਿ: ਅਤੇ ਜ਼ਿਲ੍ਹਾ ਪਟਿਆਲਾ ਵਿਖੇ ਸਥਿਤ ਰਿਹਾਇਸ਼ੀ ਜਾਇਦਾਦ/ਪਲਾਟ ਪੈਮਾਇਸ਼ 0-2 ਬਿਸਵਾ ਅਰਥਾਤ 100 ਵਰਗ ਗਜ਼ ਜੋ ਜਾਇਦਾਦ 14 ਬਿੱਘਾ-0 ਬਿਸਵਾ ਦਾ 2/280 ਹਿੱਸਾ, ਖੇਵਟ ਨੰ: 491, ਖਤੌਨੀ ਨੰ: 982, ਖਸਰਾ ਨੰ: 416 (5-0), 417 (6-5), 418 ਮਿਨ (2-15) ਜਮ੍ਹਾਂਬੰਦੀ ਸਾਲ 1998-99 ਨਾਲ ਸੰਬੰਧਤ ਸਭ ਕੁਝ। ਵਿਕਰੀ ਡੀਡ ਵਸੀਕਾ ਨੰ: 15652 ਮਿਤੀ 15.1.2004 ਸਬ ਰਜਿਸਟਰਾਰ, ਪਟਿਆਲਾ ਸਾਹਮਣੇ ਰਜਿਸਟਰਡ।
ਹੱਦਾਂ : (ਬੈਨਾਮੇ ਅਨੁਸਾਰ) ਉੱਤਰ : ਖਾਲੀ ਪਲਾਟ, ਸਾਈਡ 18', ਦੱਖਣ : ਸੜਕ, ਸਾਈਡ 18', ਪੂਰਬ : ਖਾਲੀ ਪਲਾਟ, ਸਾਈਡ 50', ਪੱਛਮ : ਖਾਲੀ ਪਲਾਟ, ਸਾਈਡ-50'
ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ ਆਈ.ਈ. https://www.axisbank.com/auction.retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਿਟਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਸੰਦੀਪ ਬਵੇਜਾ (ਮੋਬਾਈਲ ਨੰ. 892070559 8) ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 9.30 ਵਜੇ ਤੋਂ ਸ਼ਾਮ ਦੇ 6.00 ਵਜੇ ਤੱਕ ਸੰਪਰਕ ਕਰ ਸਕਦੇ ਹਨ। ਇਸ ਨੋਟਿਸ

8-NOV-PAGE-7.qxd 11/7/2023 10:26 PM Page 1

ਸਪਰਿੰਗ ਡਿਊ ਸਕੂਲ ਨੇ ਸਫਾਈ ਹਫਤਾ ਮਨਾਇਆ

ਜਗਰਾਓਂ (ਅਮਿਤ ਖੰਨਾ)-ਮਾਲਵੇ ਦੀ ਪ੍ਰਸਿੱਧ ਸੰਸਥਾ ਸਪਰਿੰਗ ਡਿਊ ਸਕੂਲ ਨਾਨਕਸਰ ਨੇ ਸੀ.ਬੀ.ਐੱਸ.ਈ. ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਕਤੂਬਰ ਮਹੀਨੇ 'ਚ "ਸਪੈਸ਼ਲ ਸਫਾਈ ਹਫਤਾ" ਮਨਾਇਆ, ਜਿਸ ਦੌਰਾਨ ਸਕੂਲ ਦੇ ਸਕਾਊਟ ਐਂਡ ਗਾਇਡ ਯੂਨਿਟ ਦੇ ਵਿਦਿਆਰਥੀਆਂ ਤੋਂ ਇਲਾਵਾ ਦੂਸਰੇ ਵਿਦਿਆਰਥੀਆਂ ਨੇ ਵੀ ਵਧ ਚੜ੍ਹ ਕੇ ਹਿੱਸਾ ਲਿਆ। ਸਕੂਲ ਦੇ ਸਕਾਊਟ ਤੇ ਗਾਇਡ ਯੂਨਿਟ ਦੇ ਵਿਦਿਆਰਥੀਆਂ ਨੇ ਸਕੂਲ ਤੇ ਇਸ ਦੇ ਆਲੇ ਦੁਆਲੇ ਦੀਆਂ ਜਨਤਕ ਥਾਵਾਂ ਉੱਪਰ ਸਫਾਈ ਅਭਿਆਨ ਚਲਾਇਆ। ਇਸ ਦੌਰਾਨ ਸਕੂਲ ਦੇ ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਦੇ ਸਫਾਈ ਨਾਲ ਸੰਬੰਧਤ ਡਰਾਇੰਗ ਕੰਪੀਟੀਸ਼ਨ ਤੇ ਸਲੋਗਨ ਕੰਪੀਟੀਸ਼ਨ ਮੁਕਾਬਲੇ ਵੀ ਕਰਵਾਏ ਗਏ। ਇਸੇ ਤਰ੍ਹਾਂ ਐਲੀਮੈਂਟਰੀ ਵਿਭਾਗ ਦੇ ਵਿਦਿਆਰਥੀਆਂ 'ਚ ਲੇਖ ਨਿਬੰਧ ਮੁਕਾਬਲੇ ਕਰਵਾਏ ਗਏ। ਹਫਤੇ ਦੇ ਅਖੀਰ 'ਚ ਸਕੂਲ ਦੇ ਸਮੂਹ ਵਿਦਿਆਰਥੀਆਂ, ਸਟਾਫ ਤੇ ਮੈਨੇਜਮੈਂਟ ਨੇ ਸਫਾਈ ਰੱਖਣ ਸੰਬੰਧੀ ਸ਼ਪਥ ਵੀ ਗ੍ਰਹਿਣ ਕੀਤੀ। ਇਸ ਦੌਰਾਨ ਵਾਇਸ ਪ੍ਰਿੰਸੀਪਲ ਬੇਅੰਤ ਬਾਵਾ ਨੇ ਵਿਦਿਆਰਥੀਆਂ ਨੂੰ ਸਫਾਈ ਦੀ ਮਹੱਤਤਾ ਬਾਰੇ ਦੱਸਿਆ। ਇਸ ਮੌਕੇ ਸਮੂਹ ਸਟਾਫ ਤੋਂ ਇਲਾਵਾ ਸਕੂਲ ਮੈਨੇਜਮੈਂਟ ਵੱਲੋਂ ਪ੍ਰਧਾਨ ਮਨਜੋਤ ਕੁਮਾਰ, ਚੇਅਰਮੈਨ ਬਲਦੇਵ ਬਾਵਾ, ਮੈਨੇਜਿੰਗ ਡਾਇਰੈਕਟਰ ਸੁਖਵਿੰਦਰ ਸਿੰਘ ਤੇ ਮੈਨੇਜਰ ਮਨਦੀਪ ਚੌਹਾਨ ਆਦਿ ਹਾਜ਼ਰ ਸਨ।

ਲਾਇਨਜ਼ ਕਲੱਬ ਰੋਇਲ ਵੱਲੋਂ ਪਰਿਵਾਰਕ ਮਿਲਣੀ ਸਮਾਗਮ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-ਲਾਇਨਜ਼ ਕਲੱਬ ਰੋਇਲ ਸੰਗਰੂਰ ਵੱਲੋਂ ਦੀਵਾਲੀ ਉਤਸਵ ਨੂੰ ਲੈ ਕੇ ਪਰਿਵਾਰਕ ਮਿਲਣੀ ਸਮਾਗਮ ਕਰਵਾਇਆ ਗਿਆ। ਡੀ. ਪੀ. ਬਾਤਿਸ਼ ਤੇ ਸ੍ਰੀ ਐੱਸ. ਪੀ. ਸ਼ਰਮਾ ਦੀ ਪ੍ਰਧਾਨਗੀ ਹੇਠ ਕਰਵਾਏ ਗਏ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਲਾਇਨ ਕਲੱਬ ਦੇ ਰੀਜਨਲ ਚੇਅਰਮੈਨ ਅਸ਼ੋਕ ਗਰਗ ਨੇ ਸ਼ਮੂਲੀਅਤ ਕੀਤੀ। ਇਸ ਸਮਾਗਮ ਵਿੱਚ ਲਾਇਨਜ਼ ਕਲੱਬ ਦੇ ਲਗਭਗ 30 ਮੈਂਬਰ ਪਰਿਵਾਰ ਸਮੇਤ ਸ਼ਾਮਲ ਹੋਏ। ਇਸ ਸਮਾਗਮ ਦੌਰਾਨ ਕਲੱਬ ਦੀਆਂ ਔਰਤਾਂ ਵੱਲੋਂ ਸਪਨਾ ਸਿੰਗਲਾ ਦੀ ਅਗਵਾਈ ਹੇਠ ਗਿੱਧੇ ਦੀ ਪੇਸ਼ਕਾਰੀ ਤੇ ਬੱਚਿਆਂ ਵੱਲੋਂ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ। ਇਸ ਪ੍ਰੋਗਰਾਮ ਦੌਰਾਨ ਅਸ਼ੋਕ ਗਰਗ ਸੀ. ਏ. ਤੇ ਰਾਜੀਵ ਜਿੰਦਲ ਇਤਿਹਾਸਕਾਰ ਨੇ ਕਲੱਬ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਕਲੱਬ ਪ੍ਰਧਾਨ ਅੰਕੁਸ਼ ਕੌਸ਼ਲ, ਸੈਕਟਰੀ ਭੂਪੇਸ਼ ਭਾਰਦਵਾਜ ਤੇ ਕੈਸ਼ੀਅਰ ਰਾਜੀਵ ਸ਼ਰਮਾ ਹਾਜ਼ਰ ਸਨ।

ਬੈਂਕ ਖਾਤਿਆਂ 'ਚੋਂ ਨਕਦੀ ਕਢਾਉਣ ਦੇ ਦੋਸ਼ 'ਚ ਦੋ ਕਾਬੂ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਏ.ਟੀ.ਐਮ. ਕਾਰਡ ਬਦਲ ਕੇ ਲੋਕਾਂ ਦੇ ਖਾਤਿਆਂ 'ਚੋਂ ਨਕਦੀ ਕਢਵਾਉਣ ਦੇ ਦੋਸ਼ 'ਚ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਦੋ ਵਿਅਕਤੀਆਂ ਨੂੰ ਕਾਬੂ ਕੀਤੇ ਜਾਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਬੀਤੇ ਦਿਨੀਂ ਬਲਜੀਤ ਸਿੰਘ ਵਾਸੀ ਸਰਹਿੰਦ ਨੇ ਪੁਲਸ ਨੂੰ ਦੱਸਿਆ ਸੀ ਕਿ ਉਸ ਦੀ ਪਤਨੀ ਅਤੇ ਬੇਟੀ ਫ਼ਤਹਿਗੜ੍ਹ ਸਾਹਿਬ ਦੇ ਜੋਤੀ ਸਰੂਪ ਚੌਕ ਵਿਖੇ ਲੱਗੀ ਪੀ.ਐਨ.ਬੀ. ਦੀ ਏ.ਟੀ.ਐਮ. ਮਸ਼ੀਨ 'ਚੋਂ ਪੈਸੇ ਕਢਵਾਉਣ ਗਈਆਂ ਸਨ, ਜਿੱਥੇ ਮੌਜੂਦ ਦੋ ਨੌਜਵਾਨਾਂ ਨੇ ਚਲਾਕੀ ਨਾਲ ਉਸ ਦੀ ਪਤਨੀ ਦਾ ਏ.ਟੀ.ਐਮ. ਕਾਰਡ ਬਦਲ ਕੇ ਉਸ ਦੇ ਖਾਤੇ 'ਚੋਂ 99999/- ਰੁਪਏ ਟਰਾਂਸਫਰ ਕਰ ਲਏ। ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਕਰਦੇ ਹੋਏ ਸੰਜੇ ਵਾਸੀ ਪਿੰਡ ਹਾਜ਼ਮਪੁਰ, ਜ਼ਿਲਾ ਹਿਸਾਰ (ਹਰਿਆਣਾ) ਅਤੇ ਦਿਨੇਸ਼ ਕੁਮਾਰ ਵਾਸੀ ਪਿੰਡ ਭਵਾਨੀ ਖੇੜਾ ਜ਼ਿਲਾ ਭਿਵਾਨੀ (ਹਰਿਆਣਾ) ਨੂੰ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰ ਕੀਤੇ ਵਿਅਕਤੀਆਂ ਨੇ ਪੁਲਸ ਕੋਲ ਮੰਨਿਆ ਕਿ ਉਨ੍ਹਾਂ ਨੇ ਉਸੇ ਦਿਨ ਫ਼ਤਹਿਗੜ੍ਹ ਸਾਹਿਬ ਵਿਖੇ ਪੰਜਾਬ ਐਂਡ ਸਿੰਧ ਬੈਂਕ ਦੇ ਏ.ਟੀ.ਐਮ. 'ਚੋਂ ਪੈਸੇ ਕਢਵਾਉਣ ਆਏ ਇੱਕ ਸਰਦਾਰ ਵਿਅਕਤੀ ਦਾ ਏ.ਟੀ.ਐਮ. ਕਾਰਡ ਬਦਲ ਕੇ ਉਸ ਦੇ ਖਾਤੇ 'ਚੋਂ ਵੀ ਇੱਕ ਲੱਖ ਰੁਪਏ ਕਢਵਾਏ ਸਨ। ਐਸ.ਐਚ.ਓ. ਅਰਸ਼ਦੀਪ ਸ਼ਰਮਾ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਉਕਤ ਵਿਅਕਤੀਆਂ ਕੋਲੋਂ ਇੱਕ ਸਵਿਫਟ ਡਿਜ਼ਾਇਰ ਕਾਰ, 2,10,750/- ਰੁਪਏ ਦੀ ਭਾਰਤੀ ਕਰੰਸੀ, ਇੱਕ ਸਵਾਈਪ ਮਸ਼ੀਨ, 9 ਵੱਖ-ਵੱਖ ਬੈਂਕਾਂ ਦੇ ਏ.ਟੀ.ਐਮ. ਕਾਰਡ ਬਰਾਮਦ ਹੋਏ ਹਨ ਤੇ ਇਨ੍ਹਾਂ ਤੋਂ ਪੁੱਛਗਿੱਛ ਹਾਲੇ ਜਾਰੀ ਹੈ।

ਮਾਤਾ ਗੁਜਰੀ ਕਾਲਜ ਵਿਖੇ ਕ੍ਰਿਕਟ ਅਕੈਡਮੀ ਦੀ ਸਥਾਪਨਾ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮਾਤਾ ਗੁਜਰੀ ਕਾਲਜ ਵਿਖੇ ਖੇਡਾਂ ਨੂੰ ਹੋਰ ਪ੍ਰਫੁੱਲਤ ਕਰਨ ਲਈ ਕ੍ਰਿਕਟ ਅਕੈਡਮੀ ਦੀ ਸਥਾਪਨਾ ਕਾਲਜ ਗਵਰਨਿੰਗ ਬਾਡੀ ਦੇ ਐਡੀਸ਼ਨਲ ਸਕੱਤਰ ਜਗਦੀਪ ਸਿੰਘ ਚੀਮਾ ਵੱਲੋਂ ਕੀਤੀ ਗਈ। ਉਨ੍ਹਾ ਕਿਹਾ ਕਿ ਇਸ ਕ੍ਰਿਕਟ ਅਕੈਡਮੀ ਦੀ ਸਥਾਪਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਯੋਗ ਅਗਵਾਈ ਵਿੱਚ ਹੋਈ ਹੈ, ਜਿਨ੍ਹਾਂ ਨੇ ਮਾਤਾ ਗੁਜਰੀ ਕਾਲਜ ਦੀ ਕ੍ਰਿਕਟ ਟੀਮ ਵੱਲੋਂ ਕੁਝ ਦਿਨ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਕ੍ਰਿਕਟ ਚੈਂਪੀਅਨਸ਼ਿਪ ਜਿੱਤਣ ਦੀ ਖੁਸ਼ੀ ਵਿੱਚ ਇਸ ਅਕੈਡਮੀ ਦੀ ਸਥਾਪਨਾ ਲਈ ਪ੍ਰਵਾਨਗੀ ਦਿੱਤੀ ਹੈ। ਚੀਮਾ ਨੇ ਜਾਣਕਾਰੀ ਦਿੱਤੀ ਕਿ ਅਕੈਡਮੀ ਦੀ ਸਥਾਪਨਾ ਤਹਿਤ ਕਾਲਜ ਦੇ ਮੈਦਾਨ 'ਤੇ ਇੱਕ ਸੀਮਿੰਟਡ ਅਤੇ ਇੱਕ ਕੋਟਾ ਸਟੋਨ ਦੀ ਪਿੱਚ ਸਮੇਤ ਦੋ ਪਿੱਚਾਂ ਬਣਾਈਆਂ ਜਾ ਰਹੀਆਂ ਹਨ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ ਨੇ ਕ੍ਰਿਕਟ ਅਕੈਡਮੀ ਦੀ ਸਥਾਪਨਾ 'ਤੇ ਮੁਬਾਰਕਬਾਦ ਦਿੱਤੀ। ਕਾਲਜ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਦੱਸਿਆ ਕਿ ਕਾਲਜ ਦੇ ਵਿਦਿਆਰਥੀਆਂ ਨੇ ਪਿਛਲੇ ਲੰਮੇ ਸਮੇਂ ਤੋਂ ਵੱਖ-ਵੱਖ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਕਾਲਜ ਦਾ ਨਾਂਅ ਰੋਸ਼ਨ ਕੀਤਾ ਹੈ। ਇਸ ਮੌਕੇ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ ਨੇ ਕਿਹਾ ਕਿ ਨਵੇਂ ਵਿੱਦਿਅਕ ਸਾਲ 2024-25 ਵਿੱਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਲਈ ਕਾਲਜ ਦੇ ਖੇਡ ਸਟੇਡੀਅਮ ਵਿੱਚ ਖੇਡ ਸਹੂਲਤਾਂ ਤੋਂ ਇਲਾਵਾ ਲੜਕਿਆਂ ਲਈ ਨਵੇਂ ਹੋਸਟਲ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਲੜਕੀਆਂ ਲਈ ਪਹਿਲਾਂ ਹੀ ਹੋਸਟਲ ਸਹੂਲਤਾਂ ਉਪਲੱਬਧ ਹਨ। ਇਸ ਮੌਕੇ ਕਾਲਜ ਦੇ ਡੀਨ ਸਪੋਰਟਸ ਡਾ. ਦਵਿੰਦਰ ਸਿੰਘ, ਟੀਮ ਇੰਚਾਰਜ ਪ੍ਰੋ. ਮੁਹੰਮਦ ਅਨਵਰ, ਖੇਡ ਵਿਭਾਗ ਦੇ ਮੁਖੀ ਪ੍ਰੋ. ਹਰਜੀਤ ਕੌਰ, ਕੋਚ ਬਹਾਦਰ ਸਿੰਘ ਅਤੇ ਹੋਰ ਅਧਿਆਪਕ ਸਹਿਬਾਨ ਵੀ ਹਾਜ਼ਰ ਸਨ।

ਜੁਆਇੰਟ ਇੰਪਲਾਈਜ਼ ਫੋਰਮ ਦੇ ਮੁਲਾਜ਼ਮਾਂ ਦੀ ਮੀਟਿੰਗ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਜੁਆਇੰਟ ਇੰਪਲਾਈਜ਼ ਫੋਰਮ ਦੇ ਮੁਲਾਜ਼ਮਾਂ ਦੀ ਮੀਟਿੰਗ ਮੁੱਖ ਖੇਤੀਬਾੜੀ ਦਫਤਰ ਫਿਰੋਜ਼ਪੁਰ ਵਿਖੇ ਹੋਈ।ਇਸ ਵਿੱਚ ਵੱਖ-ਵੱਖ ਸ਼੍ਰੇਣੀਆਂ ਖੇਤੀਬਾੜੀ-ਸਬ-ਇੰਸਪੈਕਟਰ, ਸਟੈਟਿਸਟਿਕਸ ਵਿੰਗ, ਕਲੈਰੀਕਲ ਸਟਾਫ, ਆਈ ਜੇ ਸ਼ਾਖਾ, ਲੈਬਾਰਟਰੀ ਸਹਾਇਕ, ਗ੍ਰੇਡ ਚਾਰ ਤੇ ਆਤਮਾ ਕਰਮਚਾਰੀ ਹਾਜ਼ਰ ਸਨ।ਇਸ ਮੀਟਿੰਗ ਦੀ ਪ੍ਰਧਾਨਗੀ ਸੂਬਾ ਪ੍ਰਧਾਨ ਨਰੇਸ਼ ਲਾਲੀ ਐਗਰੀਕਲਚਰ ਸਬ ਇੰਸਪੈਕਟਰ ਐਸੋਸੀਏਸ਼ਨ ਪੰਜਾਬ ਨੇ ਕੀਤੀ।ਇਸ ਮੀਟਿੰਗ ਵਿੱਚ ਵੱਖ-ਵੱਖ ਵਰਗਾਂ ਦੇ ਬੁਲਾਰਿਆਂ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਸਰਕਾਰ ਪ੍ਰਤੀ ਗੁੱਸਾ ਪ੍ਰਗਟ ਕੀਤਾ ਕਿ ਸਰਕਾਰ ਮੁਲਾਜ਼ਮਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ ਤੇ ਉਨ੍ਹਾਂ ਨੂੰ ਅਣਗੌਲਿਆ ਕਰ ਰਹੀ ਹੈ। ਮੁਲਾਜ਼ਮਾਂ ਵੱਲੋਂ ਹੁਣ ਗੇਟ ਰੈਲੀਆਂ ਕੀਤੀਆਂ ਜਾ ਰਹੀਆਂ ਹਨ ਤੇ 8 ਨਵੰਬਰ 2023 ਤੱਕ ਮੁਲਾਜ਼ਮਾਂ ਵੱਲੋਂ ਕਲਮ ਛੋੜ ਹੜਤਾਲ ਕੀਤੀ ਜਾ ਰਹੀ ਹੈ।ਜੇਕਰ ਪੰਜਾਬ ਸਰਕਾਰ ਅਜੇ ਵੀ ਡੀ ਏ ਜੇਕਰ 12 ਫੀਸਦੀ ਤੇ ਬੰਦ ਕੀਤੇ ਭੱਤੇ ਬਹਾਲ ਨਾ ਕੀਤੇ ਗਏ ਤੇ ਮੁਲਾਜ਼ਮਾਂ ਪ੍ਰਤੀ ਸਰਕਾਰ ਦਾ ਰਵੱਈਆ ਨਰਮ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ 'ਚ ਸਮੂਹ ਮੌਜੂਦਾ ਮੁਲਾਜ਼ਮ ਤੇ ਪੈਨਸ਼ਨਰ ਸੜਕਾਂ 'ਤੇ ਉਤਰ ਆਉਣਗੇ ਅਤੇ ਸਾਰਾ ਕੰਮਕਾਜ ਠੱਪ ਕਰ ਦਿੱਤਾ ਜਾਵੇਗਾ।ਇਸ ਮੀਟਿੰਗ ਵਿੱਚ ਨਿੰਮੀ ਸੁਪਰਡੈਂਟ, ਸੁਖਚੈਨ ਸਿੰਘ, ਅਸ਼ੋਲੀ ਸ਼ਰਮਾ, ਸਮੇਤ ਵੱਡੀ ਗਿਣਤੀ 'ਚ ਮੁਲਾਜ਼ਮ ਆਗੂ ਹਾਜ਼ਰ ਸਨ।

ਮੁਢਲੀ ਸਟੇਜ 'ਤੇ ਪਤਾ ਲੱਗਣ 'ਤੇ ਕੈਂਸਰ ਦਾ ਇਲਾਜ ਸੰਭਵ : ਡਾ. ਦਵਿੰਦਰਜੀਤ ਕੌਰ

ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਅੱਜ ਦੇ ਵਿਗਿਆਨਕ ਯੁੱਗ ਵਿੱਚ ਕੈਂਸਰ ਨਾ ਮੁਰਾਦ ਜਾਂ ਲਾ-ਇਲਾਜ ਬਿਮਾਰੀ ਨਹੀਂ ਹੈ, ਇਸ ਦਾ ਇਲਾਜ ਸੰਭਵ ਹੈ,ਪਰ ਜੇਕਰ ਮਰੀਜ਼ ਨੂੰ ਸਹੀ ਸਮੇਂ 'ਤੇ ਇਸ ਦਾ ਸਹੀ ਇਲਾਜ ਮਿਲ ਜਾਵੇ ਤਾਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਿਵਲ ਸਰਜਨ ਫਤਿਹਗੜ੍ਹ ਸਾਹਿਬ ਡਾ. ਦਵਿੰਦਰਜੀਤ ਕੌਰ ਨੇ ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ "ਰਾਸ਼ਟਰੀ ਕੈਂਸਰ ਜਾਗਰੂਕਤਾ ਦਿਵਸ" ਮੌਕੇ ਕੈਂਸਰ ਜਾਗਰੂਕਤਾ ਪੋਸਟਰ ਜਾਰੀ ਕਰਦਿਆਂ ਕੀਤਾ। ਉਨ੍ਹਾ ਦੱਸਿਆ ਕਿ ਦੇਸ਼ ਅੰਦਰ ਆਮ ਲੋਕਾਂ ਨੂੰ ਕੈਂਸਰ ਸਬੰਧੀ ਜਾਗਰੂਕ ਕਰਨ ਲਈ 2014 ਤੋਂ ਲਗਾਤਾਰ 7 ਨਵੰਬਰ ਨੂੰ ਇਹ ਦਿਨ ਮਨਾਇਆ ਜਾ ਰਿਹਾ ਹੈ। ਉਨ੍ਹਾ ਦੱਸਿਆ ਕਿ ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ ਕੈਂਸਰ ਦੁਨੀਆਂ ਦੀ ਅਜਿਹੀ ਦੂਜੀ ਬਿਮਾਰੀ ਹੈ ਜਿਸ ਕਾਰਨ ਸਭ ਤੋਂ ਵੱਧ ਲੋਕ ਮਰ ਰਹੇ ਹਨ। ਇਸ ਲਈ ਜਾਗਰੂਕ ਹੋ ਕੇ ਇਸ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ। ਉਨ੍ਹਾਂ ਕੈਂਸਰ ਦੀ ਬਿਮਾਰੀ ਤੋਂ ਪੀੜਤ ਮਰੀਜ਼ਾਂ ਦੇ ਇਲਾਜ ਲਈ "ਮੁੱਖ ਮੰਤਰੀ ਪੰਜਾਬ ਕੈਂਸਰ ਰਾਹਤ ਕੋਸ਼" ਤਹਿਤ 1.50 ਲੱਖ ਰੁਪਏ ਦੇ ਇਲਾਜ ਦੀ ਸੁਵਿਧਾ ਬਾਰੇ ਵੀ ਜਾਣਕਾਰੀ ਦਿੱਤੀ। ਸੀਨੀਅਰ ਮੈਡੀਕਲ ਅਫਸਰ ਡਾ. ਬਲਕਾਰ ਸਿੰਘ ਨੇ ਦੱਸਿਆ ਕਿ ਛਾਤੀ ਵਿੱਚ ਗਿਲਟੀ, ਲਗਾਤਾਰ ਖੰਗ, ਆਵਾਜ਼ ਵਿੱਚ ਭਾਰੀਪਣ, ਮਹਾਵਾਰੀ ਦੌਰਾਨ ਖੂਨ ਦਾ ਜ਼ਿਆਦਾ ਪੈਣਾ ਜਾਂ ਮਹਾਂਵਾਰੀ ਤੋਂ ਬਿਨਾਂ ਖੂਨ ਦਾ ਪੈਣਾ, ਨਾ ਠੀਕ ਹੋਣ ਵਾਲਾ ਮੂੰਹ ਦਾ ਅਲਸਰ ਆਦਿ ਕੈਂਸਰ ਦੇ ਮੁੱਖ ਲੱਛਣ ਹਨ। ਉਹਨਾਂ ਦੱਸਿਆ ਕਿ ਛਾਤੀ, ਕੋਲਨ, ਪਰੋਸਟੈਟ,ਪੇਟ, ਜਿਗਰ, ਚਮੜੀ, ਮੂੰਹ, ਗਰਦਨ, ਗਲੇ, ਬੱਚੇਦਾਨੀ, ਸਰਵਾਈਕਲ, ਗੁਰਦੇ, ਯੋਨੀ, ਦਿਮਾਗ, ਥਾਈਰਾਈਡ ,ਬ੍ਰਲੱਡ, ਅੱਖਾਂ ਅਤੇ ਗੀਡ ਦੀ ਹੱਡੀ ਤੋਂ ਇਲਾਵਾ ਹੋਰ ਵੀ ਕਈ ਤਰ੍ਹਾਂ ਦਾ ਕੈਂਸਰ ਹੋ ਸਕਦਾ ਹੈ। ਉਨ੍ਹਾ ਦੱਸਿਆ ਕਿ ਕੈਂਸਰ ਸਿਗਰਟ, ਪਾਨ, ਤੰਬਾਕੂ, ਖੈਣੀ, ਗੁਟਕਾ, ਸ਼ਰਾਬ ਆਦਿ ਦੀ ਵਰਤੋਂ ਕਰਕੇ, ਜ਼ਿਆਦਾ ਕੀਟਨਾਸ਼ਕ ਸਪਰੇਅ ਕਰਨ ਨਾਲ, ਮੋਟਾਪਾ ਤੇ ਮਿਲਾਵਟ ਵਾਲੀਆਂ ਚੀਜ਼ਾਂ ਦੇ ਖਾਣ ਪੀਣ ਨਾਲ ਹੋ ਸਕਦਾ ਹੈ। ਇਸ ਲਈ ਜਾਗਰੂਕ ਹੋ ਕੇ, ਜੀਵਨ ਸ਼ੈਲੀ ਵਿੱਚ ਤਬਦੀਲੀ ਲਿਆ ਕੇ ਅਤੇ ਸਮੇਂ ਸਮੇਂ 'ਤੇ ਆਪਣੀ ਡਾਕਟਰੀ ਜਾਂਚ ਕਰਵਾ ਕੇ ਹੀ ਇਸ ਤੋਂ ਬਚਿਆ ਜਾ ਸਕਦਾ ਹੈ।

ਦੀਵਾਲੀ ਤੇ ਬੰਦੀਛੋੜ ਦਿਵਸ ਪ੍ਰਦੂਸ਼ਣ ਰਹਿਤ ਮਨਾਇਆ ਜਾਵੇ : ਤੱਤਲਾ, ਵਿਰਕ, ਢਿੱਲੋਂ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਰੋਸ਼ਨੀਆਂ ਦਾ ਤਿਉਹਾਰ ਦੀਵਾਲੀ ਅਤੇ ਬੰਦੀਛੋੜ ਦਿਵਸ ਪ੍ਰਦੂਸ਼ਨ ਰਹਿਤ ਮਨਾਉਣਾ ਚਾਹੀਦਾ ਹੈ ਕਿਉਂਕਿ ਆਤਿਸਬਾਜ਼ੀ ਦੇ ਪ੍ਰਦੂਸ਼ਨ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਫੈਲਦੀਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਾਰ ਐਸੋਸੀਏਸ਼ਨ ਸਮਾਣਾ ਦੇ ਪ੍ਰਧਾਨ ਹਰਸਿਮਰਨ ਪਾਲ ਸਿੰਘ ਤੱਤਲਾ, ਸੈਕਟਰੀ ਗੁਰਜੋਤ ਸਿੰਘ ਵਿਰਕ ਅਤੇ ਬਾਰ ਐਸੋਸੀਏਸ਼ਨ ਸਮਾਣਾ ਦੇ ਸਾਬਕਾ ਪ੍ਰਧਾਨ ਨਵਦੀਪ ਸਿੰਘ ਢਿੱਲੋਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਦੀਵਾਲੀ ਵਾਲੇ ਦਿਨ ਭਗਵਾਨ ਸ੍ਰੀ ਰਾਮ ਚੰਦਰ ਜੀ 14 ਸਾਲ ਦਾ ਬਨਵਾਸ ਕੱਟ ਕੇ ਆਪਣੇ ਭਰਾ ਲਛਮਣ ਅਤੇ ਪਤਨੀ ਸੀਤਾ ਨਾਲ ਵਾਪਸ ਅਯੋਧਿਆ ਪਹੁੰਚੇ ਸਨ ਅਤੇ ਇਸੇ ਦਿਨ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲੇ ਤੋਂ 52 ਕੈਦੀਆਂ ਸਮੇਤ ਰਿਹਾਅ ਹੋ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ ਸਨ। ਇਨ੍ਹਾਂ ਰੱਬੀ ਅਵਤਾਰਾਂ ਦਾ ਘਰ ਵਾਪਸੀ ਨੂੰ ਸਮਰਪਤ ਇਹ ਦੀਵਾਲੀ ਦਾ ਤਿਉਹਾਰ ਦੀਵੇ ਜਗਾ ਕੇ, ਘਰਾਂ ਵਿੱਚ ਰੋਸ਼ਨੀਆਂ ਕਰਕੇ ਅਤੇ ਆਤਸ਼ਬਾਜ਼ੀ ਚਲਾ ਕੇ ਮਨਾਇਆ ਜਾਂਦਾ ਹੈ। ਇਸ ਦਿਨ ਲਕਸ਼ਮੀ ਮਾਤਾ ਦੀ ਪੂਜਾ ਵੀ ਕੀਤੀ ਜਾਂਦੀ ਹ

8-Nov-PAGE-8.qxd 11/7/2023 10:36 PM Page 1

ਵਾਈ ਪੀ ਐੱਸ ਨੇ ਕ੍ਰਿਕਟ ਚੈਂਪੀਅਨਸ਼ਿਪ 'ਚ ਰਨਰਅੱਪ ਟਰਾਫੀ ਜਿੱਤੀ

ਮੋਹਾਲੀ, (ਗੁਰਜੀਤ ਬਿੱਲਾ)- ਯਾਦਵਿੰਦਰਾ ਪਬਲਿਕ ਸਕੂਲ, ਮੋਹਾਲੀ ਨੇ ਬੀ.ਕੇ. ਬਿਰਲਾ ਸੈਂਟਰ ਫਾਰ ਐਜੂਕੇਸ਼ਨ, ਪੁਣੇ ਵਿਖੇ ਹੋਈ ਅੰਡਰ-14 ਆਲ ਇੰਡੀਆ ਆਈ.ਪੀ.ਐਸ.ਸੀ. ਕ੍ਰਿਕਟ ਚੈਂਪੀਅਨਸ਼ਿਪ ਵਿੱਚ ਰਨਰ ਅੱਪ ਟਰਾਫੀ ਜਿੱਤੀ ਲਈ ਹੈ। 20 ਓਵਰਾਂ ਦੇ ਫਾਰਮੈਟ ਵਾਲੇ ਮੁਕਾਬਲਿਆਂ 'ਚ ਪਿਛਲੇ ਸਾਲ ਦੀ ਅੰਡਰ-14 ਚੈਂਪੀਅਨ ਵਾਈ.ਪੀ.ਐਸ. ਮੋਹਾਲੀ ਨੂੰ ਫਾਈਨਲ ਵਿੱਚ ਮਾਡਰਨ ਸਕੂਲ ਬਾਰਾਖੰਬਾ ਰੋਡ, ਨਵੀਂ ਦਿੱਲੀ ਨੇ ਹਰਾ ਦਿੱਤਾ। ਵਾਈ.ਪੀ.ਐਸ., ਮੁਹਾਲੀ ਦੇ ਡਾਇਰੈਕਟਰ, ਮੇਜਰ ਜਨਰਲ ਟੀ.ਪੀ.ਐਸ. ਵੜੈਚ ਨੇ ਟੀਮ ਅਤੇ ਕੋਚ ਪ੍ਰਵੀਨ ਸਿੰਘਾ ਨੂੰ ਵਧਾਈ ਸੰਦੇਸ਼ ਵਿੱਚ ਕਿਹਾ ਕਿ ਆਲ ਇੰਡੀਆ ਆਈ.ਪੀ.ਐਸ.ਸੀ. ਅੰਡਰ-14 ਕ੍ਰਿਕਟ ਚੈਂਪੀਅਨਸ਼ਿਪ, ਜਿਸ ਵਿੱਚ ਦੇਸ਼ ਦੇ ਚੋਟੀ ਦੇ 21 ਸਕੂਲਾਂ ਨੇ ਭਾਗ ਲਿਆ ਸੀ, ਉਸ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਬੱਚਿਆਂ ਨੇ ਪੰਜਾਬ ਅਤੇ ਵਾਈ.ਪੀ.ਐਸ. ਦੋਵਾਂ ਦਾ ਮਾਣ ਵਧਾਇਆ ਹੈ । ਪਹਿਲਾਂ ਟੂਰਨਾਮੈਂਟ ਦੇ ਸੈਮੀ ਫਾਈਨਲ ਮੁਕਾਬਲੇ ਵਿੱਚ ਵਾਈ.ਪੀ.ਐਸ. ਮੁਹਾਲੀ ਨੇ ਮੇਜ਼ਬਾਨ ਬੀ.ਕੇ. ਬਿਰਲਾ ਸੈਂਟਰ ਫਾਰ ਐਜੂਕੇਸ਼ਨ ਨੂੰ 87 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ 19 ਓਵਰਾਂ ਵਿੱਚ ਹਰਾ ਦਿੱਤਾ। ਮੇਓ ਕਾਲਜ ਅਜਮੇਰ ਵਿਰੁੱਧ ਕੁਆਰਟਰ ਫਾਈਨਲ ਮੈਚ ਦੌਰਾਨ ਵਾਈ.ਪੀ.ਐਸ. ਮੁਹਾਲੀ ਨੇ ਨਿਰਧਾਰਤ 20 ਓਵਰਾਂ ਵਿੱਚ 121 ਦੌੜਾਂ ਦਾ ਟੀਚਾ ਰੱਖਿਆ, ਪਰ ਮੇਓ ਕਾਲਜ 19 ਓਵਰਾਂ ਵਿੱਚ ਸਿਰਫ਼ 100 ਦੌੜਾਂ 'ਤੇ ਹੀ ਢੇਰ ਹੋ ਗਈ। ਇਸ ਤੋਂ ਪਹਿਲਾਂ ਲੀਗ ਗੇੜ ਵਿੱਚ ਭਾਗ ਲੈਣ ਵਾਲੀਆਂ 21 ਟੀਮਾਂ ਨੂੰ 5 ਪੂਲਾਂ ਵਿੱਚ ਵੰਡਿਆ ਗਿਆ ਸੀ, ਵਾਈ.ਪੀ.ਐਸ. ਮੋਹਾਲੀ ਅਜੇਤੂ ਰਹੀ, ਪਹਿਲਾ ਮੈਚ ਵਿਚ ਮੋਤੀ ਲਾਲ ਨਹਿਰੂ ਸਪੋਰਟਸ ਸਕੂਲ, ਰਾਏ, ਸੋਨੀਪਤ ਦੇ ਖਿਲਾਫ ਖੇਡਿਆ ਅਤੇ ਉਸਨੂੰ ਮਹਿਜ਼ 71 ਦੌੜਾਂ ਤੱਕ ਨਿਪਟਾ ਦਿੱਤਾ ਅਤੇ ਵਾਈਪੀਐਸ ਨੇ ਸਿਰਫ 16 ਓਵਰਾਂ ਵਿੱਚ ਹੀ ਮਿੱਥਿਆ ਟੀਚਾ ਸਰ ਕਰਕੇ, ਜਿੱਤ ਹਾਸਲ ਕੀਤੀ। ਦੂਜੇ ਲੀਗ ਮੈਚ ਵਿੱਚ ਵਾਈ.ਪੀ.ਐਸ. ਮੁਹਾਲੀ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਦ ਡੇਲੀ ਕਾਲਜ ਇੰਦੌਰ ਦੇ ਸਾਹਮਣੇ 170 ਦੌੜਾਂ ਦਾ ਟੀਚਾ ਰੱਖਿਆ, ਪਰ ਡੇਲੀ ਕਾਲਜ ਇੰਦੌਰ ਸਿਰਫ਼ 100 ਦੌੜਾਂ ਹੀ ਬਣਾ ਸਕੀ। ਆਖਰੀ ਲੀਗ ਮੈਚ ਵਿੱਚ ਵਾਈ.ਪੀ.ਐਸ. ਨੇ ਪਾਈਨਗਰੂਵ ਸਕੂਲ ਸੋਲਨ ਸਾਹਮਣੇ 121 ਦੌੜਾਂ ਦਾ ਟੀਚਾ ਰੱਖਿਆ ਜੋ 20 ਓਵਰਾਂ ਵਿੱਚ ਸਿਰਫ਼ 97 ਦੌੜਾਂ ਹੀ ਬਣਾ ਸਕੀ। ਵਾਈ.ਪੀ.ਐਸ. ਮੋਹਾਲੀ ਦੇ ਕਪਤਾਨ ਹਰਜਗਤੇਸ਼ਵਰ ਸਿੰਘ ਖਹਿਰਾ ਨੂੰ ਟੂਰਨਾਮੈਂਟ ਦਾ ਬੈੱਸਟ ਵਿਕਟਕੀਪਰ ਚੁਣਿਆ ਗਿਆ। ਖਹਿਰਾ ਨੇ 11 ਖਿਡਾਰੀਆਂ ਨੂੰ ਵਿਕਟ ਦੇ ਪਿੱਛੇ ਆਪਣਾ ਸ਼ਿਕਾਰ ਬਣਾਇਆ ਜਿਸ ਵਿਚ 5 ਸਟੰਪਿੰਗ, 5 ਕਾਟ-ਬੀਹਾਈਂਡ, 1 ਰਨ ਆਊਟ ਤੋਂ ਇਲਾਵਾ 4 ਰਨ ਆਊਟ ਵਿੱਚ ਵੀ ਮਦਦ ਕੀਤੀ ।

ਹਮੇਸ਼ਾ ਮਠਿਆਈਆਂ 'ਬੈਸਟ ਬਿਫੋਰ ਡੇਟ' ਦੇਖ ਕੇ ਹੀ ਖਰੀਦੋ : ਐਡਵੋਕੇਟ ਲਾਲੀ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)- ਤਿਉਹਾਰਾਂ ਦੇ ਦਿਨਾਂ ਦੇ ਆਉਣ ਨਾਲ ਮਠਿਆਈਆਂ ਦੀ ਵਿਕਰੀ ਪਹਿਲਾਂ ਨਾਲੋਂ ਵੱਧ ਜਾਂਦੀ ਹੈ, ਇਸ ਗੱਲ ਦਾ ਫਾਇਦਾ ਚੱਕ ਕੇ ਕੁਝ ਮਿਲਾਵਟਖੋਰ ਲੋਕ ਮਠਿਆਈਆਂ ਵਿੱਚ ਮਿਲਾਵਟ ਜਾਂ ਪੁਰਾਣੀਆਂ ਮਿਠਾਈਆਂ ਰਲਾ ਕੇ ਵੇਚਣ ਦਾ ਧੰਦਾ ਹੋਰ ਜੋਰਾਂ 'ਤੇ ਕਰਨ ਲੱਗ ਜਾਂਦੇ ਹਨ ਤੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਦੇ ਹਨ। ਐਡਵੋਕੇਟ ਗੁਰਦੀਪ ਸਿੰਘ ਲਾਲੀ ਨੇ ਕਿਹਾ ਕਿ ਸਾਨੂੰ ਹਮੇਸ਼ਾ ਹੀ ਅਤੇ ਖਾਸ ਕਰਕੇ ਤਿਉਹਾਰਾਂ ਦੇ ਦਿਨਾਂ ਵਿੱਚ ਮਠਿਆਈਆਂ ਜਾਂ ਖਾਣ ਵਾਲੀਆਂ ਵਸਤਾਂ ਖਰੀਦਣ ਸਮੇਂ ਉਹਨਾਂ ਦੀ ਜਾਂਚ ਪੜਤਾਲ ਕਰ ਲੈਣੀ ਲਾਜਮੀ ਹੈ। ਅਸੀਂ ਕਦੇ ਵੀ ਕੋਈ ਮਠਿਆਈ ਖਰੀਦੇ ਹਾਂ ਤਾਂ ਉਹਦੇ ਵਿੱਚ *ਬੈਸਟ ਬਿਫੋਰ ਡੇਟ* ਜਰੂਰ ਦੇਖ ਲੈਣੀ ਚਾਹੀਦੀ ਹੈ । ਬੈਸਟ ਬਿਫੋਰ ਡੇਟ ਲਿਖਣੀ ਲਾਜਮੀ ਹੈ, ਇਸ ਵਾਸਤੇ ਪਿਛਲੇ ਕੁਝ ਸਾਲਾਂ ਪਹਿਲਾਂ ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ ਨੇ ਵੀ ਇਹ ਕਹਿ ਦਿੱਤਾ ਸੀ ਕਿ ਮਠਿਆਈਆਂ ਦੇ ਉੱਪਰ ਇਹ ਡੇਟ ਲਿਖਣੀ ਜਰੂਰੀ ਹੈ ਜਿਸ ਚੀਜ ਵਿੱਚ ਦੁਕਾਨਦਾਰ ਤੁਹਾਨੂੰ ਮਠਿਆਈ ਪੈਕ ਕਰਕੇ ਦਿੰਦਾ ਹੈ ਉਹਦੇ ਵਿੱਚ ਵੀ ਇਹ ਪ੍ਰਿੰਟ ਕੀਤਾ ਹੋਣਾ ਚਾਹੀਦਾ ਹੈ। ਅੱਜ ਕੱਲ੍ਹ ਪਿੰਡਾਂ 'ਚ ਛੋਟੇ ਕਸਬਿਆਂ ਵਿੱਚ ਕਾਫੀ ਸਾਰੀਆਂ ਮਠਿਆਈ ਦੀਆਂ ਛੋਟੀਆਂ ਵੱਡੀਆਂ ਦੁਕਾਨਾਂ ਹਨ। ਆਮ ਲੋਕਾਂ ਚ ਹੁਣ ਇਹ ਚਰਚਾ ਹੈ ਕਿ ਇਹਨਾਂ ਮਠਿਆਈਆਂ ਦੀਆਂ ਬੈਸਟ ਬਿਫੋਰ ਡੇਟ ਕਿਤੇ ਵੀ ਲਿਖੀ ਨਹੀਂ ਹੁੰਦੀ। ਇਸ ਪ੍ਰਤੀ ਸਾਨੂੰ ਜਾਗਰੂਕ ਹੋਣਾ ਜਰੂਰੀ ਹੈ। ਦੁਕਾਨਦਾਰਾਂ ਨੇ ਜੋ ਮਠਿਆਈਆਂ ਆਪਣੇ ਸ਼ੋਅ ਰੂਮਾਂ ਵਿੱਚ ਸਜਾ ਕੇ ਰੱਖੀਆਂ ਹੋਈਆਂ ਹਨ ਉਹਦੇ ਵਿੱਚ ਵੀ ਪਲੇਟਾਂ ਉੱਪਰ ਬੈਸਟ ਬਿਫੋਰ ਡੇਟ ਲਿਖੀ ਹੋਣੀ ਲਾਜਮੀ ਹੈ।

ਸੁਸ਼ੀਲ ਰਿੰਕੂ ਵੱਲੋਂ ਬਿਜਲੀ ਸਪਲਾਈ ਲਈ ਸੋਧੀ ਵੰਡ ਸੈਕਟਰ ਸਕੀਮ 'ਚ ਤੇਜ਼ੀ ਲਿਆਉਣ 'ਤੇ ਜ਼ੋਰ

ਜਲੰਧਰ, (ਸ਼ੈਲੀ ਐਲਬਰਟ)- ਜਲੰਧਰ ਤੋਂ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ 273.68 ਕਰੋੜ ਰੁਪਏ ਦੀ ਲਾਗਤ ਨਾਲ ਸੋਧੀ ਵੰਡ ਸੈਕਟਰ ਸਕੀਮ (ਆਰ.ਡੀ.ਐਸ.ਐਸ.) ਤਹਿਤ ਜਲੰਧਰ ਵਿਖੇ ਬਿਜਲੀ ਸਪਲਾਈ ਅਤੇ ਵੰਡ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਜਾਵੇਗਾ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਿਧਾਇਕ ਰਮਨ ਅਰੋੜਾ ਤੇ ਸ਼ੀਤਲ ਅੰਗੁਰਾਲ (ਦੋਵੇਂ ਮੈਂਬਰ) ਅਤੇ ਡਿਪਟੀ ਕਮਿਸ਼ਨਰ-ਕਮ-ਮੈਂਬਰ ਸਕੱਤਰ ਵਿਸ਼ੇਸ਼ ਸਾਰੰਗਲ ਨਾਲ ਜ਼ਿਲ੍ਹਾ ਇਲੈਕਟ੍ਰੀਸਿਟੀ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸੁਸ਼ੀਲ ਰਿੰਕੂ ਨੇ ਕਿਹਾ ਕਿ ਇਸ ਸਕੀਮ ਦਾ ਮੰਤਵ ਬਿਜਲੀ ਨੁਕਸਾਨ ਨੂੰ ਘੱਟ ਕਰਨਾ ਅਤੇ ਬਿਜਲੀ ਸਪਲਾਈ ਪ੍ਰਣਾਲੀ ਨੂੰ ਮਜ਼ਬੂਤ ਅਤੇ ਆਧੁਨਿਕੀਕਰਨ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਸ ਸਕੀਮ ਤਹਿਤ ਸਬ ਸਟੇਸ਼ਨਾਂ ਵਿੱਚ ਵਾਧਾ, ਫੀਡਰਾਂ ਦੀ ਵੰਡ, ਪੁਰਾਣੇ ਕੰਡਕਟਰਾਂ ਨੂੰ ਬਦਲਣਾ, ਵਾਧੂ ਐਚ.ਟੀ. ਲਾਈਨਾਂ ਅਤੇ ਐਲ.ਟੀ. ਦੇ ਕੰਮ ਸ਼ਾਮਿਲ ਹਨ ਤਾਂ ਜੋ ਖਪਤਕਾਰਾਂ ਲਈ ਨਿਰਵਿਘਨ ਬਿਜਲੀ ਸਪਲਾਈ ਉਪਲਬੱਧ ਹੋ ਸਕੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਟੈਂਡਰ ਪ੍ਰਕਿਰਿਆ ਮੁਕੰਮਲ ਹੋਣ ਉਪਰੰਤ ਨੁਕਸਾਨ ਨੂੰ ਘੱਟ ਕਰਨ ਲਈ ਫੀਲਡ ਕੰਮ ਜਲਦ ਸ਼ੁਰੂ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਜਲੰਧਰ ਜ਼ਿਲ੍ਹੇ ਨੂੰ 4 ਡਵੀਜ਼ਨਾਂ ਮਾਡਲ ਟਾਊਨ, ਈਸਟ, ਕੈਂਟ ਅਤੇ ਵੈਸਟ ਵਿੱਚ ਵੰਡਿਆ ਗਿਆ ਹੈ ਅਤੇ ਇਸ ਕੰਮ ਨੂੰ ਜਲਦ ਤੋਂ ਜਲਦ ਮੁਕੰਮਲ ਕਰਨ ਲਈ ਵਿਸਥਾਰਿਤ ਰੂਪ-ਰੇਖਾ ਪਹਿਲਾਂ ਹੀ ਉਲੀਕੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ 273 ਕਰੋੜ ਰੁਪਏ ਨਾਲ ਚਾਰ ਮਾਪਦੰਡਾਂ ਅਨੁਸਾਰ ਜਿਵੇਂ ਮੀਟਰ ਲਗਾਉਣਾ, ਨੁਕਸਾਨ ਘੱਟ ਕਰਨਾ, ਸਿਸਟਮ ਦੀ ਮਜ਼ਬੂਤੀ ਅਤੇ ਆਧੁਨੀਕਰਨ ਕਰਨਾ ਸ਼ਾਮਿਲ ਹੈ ਨਿਰਧਾਰਿਤ ਸਮੇਂ ਅੰਦਰ ਮੁਕੰਮਲ ਕੀਤੇ ਜਾਣਗੇ। ਜ਼ਿਲ੍ਹੇ ਵਿੱਚ ਬਿਜਲੀ ਸਪਲਾਈ ਵਿੱਚ ਹੋਰ ਸੁਧਾਰ ਲਿਆਉਣ ਲਈ 38.70 ਕਰੋੜ ਰੁਪਏ ਨਾਲ 58 ਫੀਡਰਾਂ ਵਿੱਚ ਵਾਧਾ, 36.14 ਕਰੋੜ ਰੁਪਏ ਨਾਲ ਫੀਡਰ ਕੇਬਲ , 31.14 ਕਰੋੜ ਰੁਪਏ ਨਾਲ ਨਵੀਆ ਐਚ.ਟੀ. ਅਤੇ ਐਲ.ਟੀ. ਲਾਈਨਾਂ, 48.18 ਕਰੋੜ ਰੁਪਏ ਨਾਲ ਪਾਵਰ ਸਬ ਸਟੇਸ਼ਨਾਂ ਦੀ ਅਪਗ੍ਰੇਡੇਸ਼ਨ ਅਤੇ 25.25 ਕਰੋੜ ਰੁਪਏ ਦੀ ਲਾਗਤ ਨਾਲ 72.39 ਕਿਲੋਮੀਟਰ ਟ੍ਰਾਂਸਮਿਸ਼ਨ ਲਾਈਨ ਦੀ ਅਪਗ੍ਰੇਡੇਸ਼ਨ ਆਦਿ ਦੇ ਕੰਮ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਸਕੀਮ ਵਿੱਚ ਨਵੇਂ ਸਬ ਸਟੇਸ਼ਨਾਂ ਦੀ ਸਥਾਪਨਾ ਅਤੇ ਐਚ.ਟੀ. ਅਤੇ ਐਲ.ਟੀ. ਲਾਈਨਾਂ ਨੂੰ ਮੁੜ ਚਲਾਉਣਾ ਵੀ ਸ਼ਾਮਿਲ ਹੈ। ਇਸ ਮੌਕੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ ਵੀ ਮੌਜੂਦ ਸਨ।

ਆਰ ਐਮ ਪੀ ਆਈ ਨੇ ਯੁੱਗ ਪਲਟਾਊ ਅਕਤੂਬਰ ਕ੍ਰਾਂਤੀ ਦਿਵਸ ਮਨਾਇਆ

ਜਲੰਧਰ: (ਕੇਸਰ, ਸ਼ੈਲੀ)-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐਮਪੀਆਈ) ਦੀ ਜ਼ਿਲ੍ਹਾ ਕਮੇਟੀ ਜਲੰਧਰ-ਕਪੂਰਥਲਾ ਵਲੋਂ ਇਥੇ ਯੁੱਗ ਪਲਟਾਊ ਅਕਤੂਬਰ ਇਨਕਲਾਬ ਦੀ ਵਰ੍ਹੇਗੰਢ ਮੌਕੇ ਸਥਾਨਕ ਦੇਸ਼ ਭਗਤ ਯਾਦਗਰ ਹਾਲ 'ਚ ਇੱਕ ਕਾਨਫਰੰਸ ਕੀਤੀ ਗਈ। ਇਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਪਾਰਟੀ ਦੇ ਕੌਮੀ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਇਜਰਾਈਲ ਵੱਲੋਂ ਵਿੱਢੀ ਗਈ ਨਿਹੱਕੀ, ਅਸਾਵੀਂ ਜੰਗ ਵਿਚ ਨਿਰਦੋਸ਼ ਫਲਸਤੀਨੀਆਂ ਮਾਰੇ ਜਾ ਰਹੇ ਹਨ, ਜਿਸ ਲਈ ਸਰਮਾਏਦਾਰ ਦੇਸ਼ ਇਕੱਠੇ ਹੋ ਗਏ ਹਨ ਅਤੇ ਦੂਜੇ ਪਾਸੇ ਲੋਕ ਪੱਖੀ ਨਿਜਾਮ ਦੌਰਾਨ ਹਮੇਸ਼ਾ ਮਨੁੱਖਤਾਂ ਦੇ ਭਲੇ ਦੇ ਕੰਮ ਕੀਤੇ ਜਾਂਦੇ ਰਹੇ ਹਨ। ਪਾਸਲਾ ਨੇ ਕਿਹਾ ਕਿ ਅਕਤੂਬਰ ਇਨਕਲਾਬ ਦੁਨੀਆਂ 'ਚ ਵਾਪਰੀ ਇੱਕ ਅਹਿਮ ਘਟਨਾ ਸੀ, ਜਿਸ ਨੇ ਬਰਾਬਰਤਾ ਵਾਲਾ ਰਾਜ ਪ੍ਰਬੰਧ ਦਿੱਤਾ ਅਤੇ ਨਾਲ ਹੀ ਫਾਸ਼ਿਜਮ ਦਾ ਵੀ ਮੁਕਾਬਲਾ ਕੀਤਾ। ਇਸ ਸੋਵੀਅਤ ਸੰਘ ਨੇ ਨਵੇਂ ਰਾਜ ਪ੍ਰਬੰਧ ਤਹਿਤ ਖੇਤੀ, ਸਾਇੰਸ, ਖੇਡਾਂ ਸਮੇਤ ਹਰ ਖੇਤਰ 'ਚ ਤਰੱਕੀ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਸਿਰਫ ਤਰੱਕੀ ਹੀ ਨਹੀਂ ਕੀਤੀ ਸਗੋਂ ਮਨੁੱਖਤਾ ਨੂੰ ਵੀ ਅਹਿਮੀਅਤ ਦਿੱਤੀ। ਦੂਜੇ ਪਾਸੇ ਅਮਰੀਕਨ ਸਾਮਰਾਜ ਮੁਨਾਫੇ ਦੀ ਦੌੜ 'ਚ ਦੁਨੀਆ ਭਰ 'ਚ ਜੰਗੀ ਮਹੌਲ ਕਾਇਮ ਕਰਕੇ ਰੱਖ ਰਿਹਾ ਹੈ। ਪਾਸਲਾ ਨੇ ਦੁਨੀਆਂ ਭਰ ਦੇ ਕਿਰਤੀਆਂ ਦੇ ਵੈਰੀ, ਸੰਸਾਰ ਅਮਨ ਦੇ ਦੋਖੀ ਸਾਮਰਾਜ ਦਾ ਫਸਤਾ ਵੱਢਣ, ਲੁੱਟ-ਚੋਂਘ, ਜਬਰ-ਵਿਤਕਰੇ ਤੋਂ ਮੁਕਤ ਅਤੇ ਸਾਂਝੀਵਾਲਤਾ ਵਾਲਾ ਸਮਾਜ ਸਿਰਜਣ ਲਈ ਜੂਝਣ ਦੀ ਅਪੀਲ ਕੀਤੀ। ਇਸ ਕਾਨਫਰੰਸ ਨੂੰ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਨਾਹਰ ਅਤੇ ਸਕੱਤਰ ਜਸਵਿੰਦਰ ਸਿੰਘ ਢੇਸੀ ਨੇ ਸੰਬੋਧਨ ਕਰਦਿਆ ਕਿਹਾ ਕਿ ਮੋਦੀ ਸਰਕਾਰ ਵਲੋਂ ਮਨੂਸਮਿਰਤੀ ਲਾਗੂ ਕਰਨ ਦੇ ਨਾਂਅ ਹੇਠ ਦੇਸ਼ ਦੇ ਅੰਦਰ ਘੱਟ ਗਿਣਤੀਆਂ ਸਮੇਤ ਨਪੀੜੇ ਵਰਗ ਅਤੇ ਔਰਤਾਂ 'ਤੇ ਹੋਰ ਤੇਜੀ ਨਾਲ ਖਤਰੇ ਖੜ੍ਹੇ ਕੀਤੇ ਜਾ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਾਰਟੀ ਦੇ ਸੂਬਾ ਕਮੇਟੀ ਮੈਂਬਰ ਪਰਮਜੀਤ ਰੰਧਾਵਾ, ਮਨੋਹਰ ਗਿੱਲ, ਫਿਲੌਰ ਦੇ ਤਹਿਸੀਲ ਸਕੱਤਰ ਡਾ. ਸਰਬਜੀਤ ਮੁਠੱਡਾ, ਜਲੰਧਰ ਦੇ ਤਹਿਸੀਲ ਸਕਤੱਰ ਬਲਦੇਵ ਸਿੰਘ ਨੂਰਪੁਰੀ, ਸ਼ਾਹਕੋਟ ਦੇ ਸਕੱਤਰ ਨਿਰਮਲ ਮਲਸੀਆਂ, ਨਕੋਦਰ ਦੇ ਸਕੱਤਰ ਦਵਿੰਦਰ ਕੁਲਾਰ, ਹਰਬੰਸ ਮੱਟੂ, ਹਰੀਮੁਨੀ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਤੋਂ ਬਿਨਾਂ ਸੁਖਦੇਵ ਬਾਂਕਾ, ਜਰਨੈਲ ਫਿਲੌਰ, ਸੁਨੀਤਾ ਨੂਰਪੁਰੀ, ਤਾਰਾ ਸਿੰਘ ਬੰਮੂਵਾਲ, ਸਤਪਾਲ ਸਹੋਤਾ, ਗੁਰਦੀਪ ਗੋਗੀ, ਮੇਜਰ ਫਿਲੌਰ ਆਦਿ ਆਗੂ ਵੀ ਉਚੇਚੇ ਤੌਰ 'ਤੇ ਹਾਜਰ ਸਨ। ਮਗਰੋਂ ਸ਼ਹਿਰ 'ਚ ਜੰਗਬਾਜ ਅਮਰੀਕਾ ਵਲੋਂ ਫਲਸਤੀਨ ਦੇ ਖਿਲਾਫ ਆਰੰਭੀ ਜੰਗ ਤੁਰੰਤ ਬੰਦ ਕਰਨ ਦੀ ਮੰਗ ਨੂੰ ਲੈ ਕੇ ਮਾਰਚ ਕੀਤਾ। ਉਘੇ ਦੇਸ਼ ਭਗਤ ਪੰਡਤ ਕਿਸ਼ੋਰੀ ਲਾਲ ਦੇ ਬੁੱਤ 'ਤੇ ਇਹ ਮਾਰਚ ਦੇਸ਼ 'ਚ ਬਰਾਬਰਤਾ ਵਾਲਾ ਰਾਜ ਪ੍ਰਬੰਧ ਸਿਰਜਣ ਦੇ ਅਹਿਦ ਨਾਲ ਸਮਾਪਤ ਕੀਤਾ ਗਿਆ।

ਸੀ ਐੱਚ ਸੀ ਸਿੰਘਪੁਰ ਵਿਖੇ ਰਾਸ਼ਟਰੀ ਕੈਂਸਰ ਜਾਗਰੂਕਤਾ ਸੈਮੀਨਾਰ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)- ਡਾ.ਪਰਮਿੰਦਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡਾ.ਵਿਧਾਨ ਚੰਦਰ ਦੀ ਅਗਵਾਈ ਹੇਠ ਸੀ.ਐਚ.ਸੀ ਸਿੰਘਪੁਰ ਵਿਖੇ ਕੈਂਸਰ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ। ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ ਕੈਂਸਰ ਮਨੁੱਖਾਂ ਵਿੱਚ ਮੌਤ ਦਾ ਦੂਜਾ ਪ੍ਰਮੁੱਖ ਕਾਰਨ ਹੈ। ਅਸੀਂ ਕੈਂਸਰ ਦੇ ਖਤਰੇ ਨੂੰ ਘੱਟ ਕਰਨ ਲਈ ਕੀ ਕਰ ਸਕਦੇ ਹਾਂ, ਇਸ ਬਿਮਾਰੀ ਨੂੰ ਜਾਨਲੇਵਾ ਬਣਨ ਤੋਂ ਪਹਿਲਾਂ ਪਛਾਣ ਸਕਦੇ ਹਾਂ ਬਾਰੇ ਦੱਸਦਿਆਂ ਡਾ.ਵਿਧਾਨ ਚੰਦਰ ਨੇ ਕਿਹਾ ਕਿ ਮਰੀਜਾਂ ਨੂੰ ਇਸ ਘਾਤਕ ਬਿਮਾਰੀ ਤੋਂ ਬਚਾਇਆ ਜਾ ਸਕਦਾ ਹੈ। ਮਰੀਜ਼ ਦੇ ਪ੍ਰਭਾਵਿਤ ਅੰਗ ਦੇ ਆਧਾਰ 'ਤੇ ਵੱਖ-ਵੱਖ ਕੈਂਸਰਾਂ ਦੇ ਵੱਖ-ਵੱਖ ਲੱਛਣ ਹੁੰਦੇ ਹਨ। ਹਾਲਾਂਕਿ, ਇੱਥੇ ਕੁਝ ਆਮ ਲੱਛਣ ਹਨ ਜਿਨ੍ਹਾਂ ਨੂੰ ਤੁਹਾਨੂੰ ਨਜਰਅੰਦਾਜ ਨਹੀਂ ਕਰਨਾ ਚਾਹੀਦਾ ਹੈ । ਉਹਨਾਂ ਨੇ ਕਿਹਾ ਕਿ ਸਾਨੂੰ ਸਰੀਰਕ ਤੌਰ 'ਤੇ ਸਰਗਰਮ ਰਹਿਣਾ ਚਾਹੀਦਾ ਹੈ। ਸਿਹਤਮੰਦ ਜੀਵਨ ਸ਼ੈਲੀ ਨਾਲ ਮੋਟਾਪੇ ਨੂੰ ਰੋਕਿਆ ਜਾ ਸਕਦਾ ਹੈ, ਜੋ ਕਿ ਕੈਂਸਰ ਦਾ ਇੱਕ ਵੱਡਾ ਕਾਰਨ ਵੀ ਹੈ। ਉਨ੍ਹਾਂ ਦੱਸਿਆ ਕਿ ਮੋਟਾਪਾ ਕਈ ਬਿਮਾਰੀਆਂ ਨਾਲ ਜੁੜਿਆ ਹੋਇਆ ਹੈ ਅਤੇ ਕੈਂਸਰ ਉਨ੍ਹਾਂ ਵਿੱਚੋਂ ਇੱਕ ਹੈ। ਸਿਹਤਮੰਦ ਵਜਨ ਬਣਾਈ ਰੱਖਣਾ ਅਤੇ ਸਰੀਰਕ ਤੌਰ 'ਤੇ ਸਰਗਰਮ ਰਹਿਣਾ ਕਈ ਕਿਸਮਾਂ ਦੇ ਕੈਂਸਰ ਦੇ ਜੋਖਮ ਨੂੰ ਘ

8-Nov-PAGE-9.qxd 11/7/2023 10:35 PM Page 1

ਪੰਜ ਕਿਸਾਨ ਜਥੇਬੰਦੀਆਂ ਨੇ ਐੱਸ ਵਾਈ ਐੱਲ ਤੇ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਕੀਤੀ ਚਰਚਾ

ਚੰਡੀਗੜ੍ਹ : ਪੰਜ ਕਿਸਾਨ ਜਥੇਬੰਦੀਆਂ ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ), ਆਲ ਇੰਡੀਆ ਕਿਸਾਨ ਫੈਡਰੇਸਨ, ਕਿਸਾਨ ਸੰਘਰਸ਼ ਕਮੇਟੀ ਪੰਜਾਬ, ਭਾਰਤੀ ਕਿਸਾਨ ਯੂਨੀਅਨ (ਮਾਨਸਾ) ਅਤੇ ਆਜਾਦ ਕਿਸਾਨ ਸੰਘਰਸ਼ ਕਮੇਟੀ ਦੀ ਮੀਟਿੰਗ ਬੋਘ ਸਿੰਘ ਮਾਨਸਾ ਅਤੇ ਬੀਕੇਯੂ (ਰਾਜੇਵਾਲ) ਦੇ ਤਜਿੰਦਰ ਸਿੰਘ ਦੀ ਪ੍ਰਧਾਨਗੀ ਵਿੱਚ ਹੋਈ। ਮੀਟਿੰਗ ਵਿੱਚ ਐਸਵਾਈਐਲ ਅਤੇ ਪਾਣੀ ਦੇ ਵਿਵਾਦਾਂ ਬਾਰੇ ਸੁਪਰੀਮ ਕੋਰਟ ਦੇ 4 ਅਕਤੂਬਰ ਦੇ ਹੁਕਮਾਂ ਤੋਂ ਬਾਅਦ ਪੈਦਾ ਹੋਈ ਸਥਿਤੀ ਬਾਰੇ ਚਰਚਾ ਕੀਤੀ ਗਈ। ਆਗੂਆਂ ਨੇ ਦੱਸਿਆ ਕਿ ਜਥੇਬੰਦੀਆਂ ਨੇ ਐਸਵਾਈਐਲ ਨਹਿਰ ਦੇ ਕਿਸੇ ਵੀ ਸਰਵੇ ਦਾ ਪ੍ਰਭਾਵਸ਼ਾਲੀ ਢੰਗ ਨਾਲ ਵਿਰੋਧ ਕਰਨ ਦਾ ਫੈਸਲਾ ਕੀਤਾ ਹੈ। ਸੁਪਰੀਮ ਕੋਰਟ ਦੇ 4 ਅਕਤੂਬਰ ਦੇ ਵਿਆਪਕ ਹੁਕਮਾਂ ਤਹਿਤ ਕੇਂਦਰ ਸਰਕਾਰ ਨੂੰ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਸਰਵੇ ਦੇ ਨਿਰਦੇਸ਼ ਦਿੱਤੇ ਹਨ ਜਿਸ ਨਾਲ ਪੰਜਾਬ ਰਾਜ ਦੀ ਸਥਿਤੀ ਹੋਰ ਗੁੰਝਲਦਾਰ ਹੋਣ ਦੀ ਸੰਭਾਵਨਾ ਹੈ। ਸਰਵੇ ਕਰਨ ਵਾਲੀ ਟੀਮ ਦਾ ਪੰਜਾਬ ਵਿਚ ਦਾਖਲ ਹੋਣ 'ਤੇ ਘਿਰਾਓ ਕੀਤਾ ਜਾਵੇਗਾ ਅਤੇ ਇਸ ਨੂੰ ਕਿਤੇ ਵੀ ਸਰਵੇ ਕਰਨ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਸਮੂਹ ਕਿਸਾਨ ਜਥੇਬੰਦੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਪੰਜਾਬ ਅਤੇ ਕਿਸਾਨਾਂ ਦੇ ਹਿੱਤਾਂ ਨੂੰ ਬਚਾਉਣ ਲਈ ਇਕਜੁੱਟ ਹੋ ਕੇ ਸਰਵੇਖਣ ਨੂੰ ਰੋਕਣ ਲਈ ਅੱਗੇ ਆਉਣ। ਮੀਟਿੰਗ ਦਾ ਵਿਚਾਰ ਸੀ ਕਿ ਦਰਿਆਈ ਪਾਣੀਆਂ ਦੇ ਵਿਵਾਦ ਦੀ ਗੁੰਝਲਦਾਰ ਸਥਿਤੀ ਪਿਛਲੇ ਸਮੇਂ ਵਿੱਚ ਸਿਆਸੀ ਪਾਰਟੀਆਂ ਵਲੋਂ ਲਏ ਗਏ ਗਲਤ ਸਟੈਂਡ ਕਰਕੇ ਉਤਪੰਨ ਹੋਈ ਹੈ। ਹੁਣ ਇਕ ਦੂਜੇ ਖਿਲਾਫ ਇਲਜਾਮ ਤਰਾਸ਼ੀ ਕਰਕੇ,ਕੋਈ ਜਾਇਜ ਸਟੈਂਡ ਲੈਣ ਦੀ ਬਜਾਏ, ਆਪਣੇ ਸਿਆਸੀ ਹਿੱਤਾਂ ਨੂੰ ਅੱਗੇ ਵਧਾਉਣ ਲਈ ਸਥਿਤੀ ਨੂੰ ਹੋਰ ਵਿਗਾੜ ਰਹੇ ਹਨ। ਪੰਜਾਬ ਸਰਕਾਰ ਵੱਲੋਂ 1 ਨਵੰਬਰ ਨੂੰ ਕਰਵਾਈ ਗਈ ਅਖੌਤੀ ਬਹਿਸ ਸਿਰਫ ਇਸ ਮੁੱਦੇ ਤੋਂ ਧਿਆਨ ਲਾਂਭੇ ਕਰਨ ਲਈ ਇਕ ਖੇਡ ਸੀ। 'ਆਪ' ਸਰਕਾਰ ਦਾ ਸਟੈਂਡ ਇਸ ਮੁੱਦੇ 'ਤੇ ਸਮਝੌਤਾਵਾਦੀ ਹੈ ਜਿਸ ਨੇ ਸੁਪਰੀਮ ਕੋਰਟ ਵਿੱਚ ਸੁਣਵਾਈ ਦੌਰਾਨ ਦਰਿਆਈ ਪਾਣੀਆਂ ਵਿੱਚ ਹਰਿਆਣਾ ਦਾ ਹਿੱਸਾ ਮੰਨਿਆ ਹੈ, ਭਾਵੇਂ ਇਹ ਹਿੱਸਾ ਪਹਿਲਾਂ ਨਿਰਧਾਰਤ ਹਿੱਸੇ ਤੋਂ ਘੱਟ ਹੈ। ਮੁੱਖ ਮੰਤਰੀ ਦਾ 1 ਨਵੰਬਰ ਨੂੰ ਐਸਵਾਈਐਲ ਦੀ ਬਜਾਏ ਵਾਈਐਸਐਲ ਨਹਿਰ ਦੀ ਤਜਵੀਜ ਕਰਨ ਦਾ ਸਟੈਂਡ ਨਹਿਰ ਦੀ ਉਸਾਰੀ ਨੂੰ ਮੰਨਣ ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਇਹ ਸਟੈਂਡ ਪੰਜਾਬ ਅਤੇ ਕਿਸਾਨਾਂ ਦੇ ਹਿੱਤਾਂ ਲਈ ਘਾਤਕ ਸਿੱਧ ਹੋਵੇਗਾ। ਜਥੇਬੰਦੀਆਂ ਦਸੰਬਰ ਮਹੀਨੇ ਸੂਬੇ ਦੇ ਦਰਿਆਈ ਪਾਣੀਆਂ, ਸੰਘੀ ਪ੍ਰਬੰਧ ਅਤੇ ਵਾਤਾਵਰਨ ਨੂੰ ਬਚਾਉਣ ਲਈ ਮੋਰਚਾ ਲਾਉਣ ਦੀ ਤਿਆਰੀ ਕਰ ਰਹੀਆਂ ਹਨ। ਜਥੇਬੰਦੀਆਂ ਦਾ ਸਟੈਂਡ ਹੈ ਕਿ ਦਰਿਆਈ ਪਾਣੀਆਂ ਦੀ ਮਲਕੀਅਤ ਦਾ ਮੁੱਢਲੇ ਤੌਰ 'ਤੇ ਫੈਸਲਾ ਕੀਤਾ ਜਾਵੇ, ਜੋ ਵੀ ਵਿਵਾਦ ਹੈ ਉਹ ਰਿਪੇਰੀਅਨ ਸਿਧਾਂਤ ਦੇ ਆਧਾਰ 'ਤੇ ਹੱਲ ਕੀਤਾ ਜਾਵੇ ਅਤੇ ਪਿਛਲੇ ਸਾਰੇ ਹੁਕਮ ਖਾਸ ਕਰਕੇ 1976 ਅਤੇ 1981 ਨੂੰ ਗੈਰ-ਕਾਨੂੰਨੀ ਅਤੇ ਗੈਰ-ਸੰਵਿਧਾਨਕ ਕਰਾਰ ਦੇ ਕੇ ਰੱਦ ਕੀਤਾ ਜਾਵੇ। ਮੀਟਿੰਗ ਵਿੱਚ 32 ਕਿਸਾਨ ਜਥੇਬੰਦੀਆਂ ਵੱਲੋਂ 9 ਨਵੰਬਰ ਨੂੰ ਗੰਨੇ ਦੇ ਲਾਹੇਵੰਦ ਭਾਅ, ਹੜ੍ਹਾਂ ਦੌਰਾਨ ਨੁਕਸਾਨੇ ਗਏ ਗੰਨੇ ਦੇ ਮੁਆਵਜੇ ਦੀ ਮੰਗ ਅਤੇ ਸੂਬੇ ਵਿੱਚ ਖੰਡ ਮਿੱਲਾਂ ਜੋ ਇਸ ਸਮੇਂ ਤੱਕ ਚਾਲੂ ਨਹੀਂ ਕੀਤੀਆਂ ਗਈਆਂ, ਨੂੰ ਚਾਲੂ ਕਰਨ ਦੀ ਮੰਗ ਨੂੰ ਲੈ ਕੇ ਜਲੰਧਰ ਵਿਖੇ ਪ੍ਰਸਤਾਵਿਤ ਐਕਸ਼ਨ ਦਾ ਸਮਰਥਨ ਕੀਤਾ ਗਿਆ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਗੁਲਜਾਰ ਸਿੰਘ ਸਲੇਮਪੁਰ, ਘੁੰਮਣ ਸਿੰਘ ਰਾਜਗੜ੍ਹ, ਬੇਅੰਤ ਸਿੰਘ ਮਹਿਮਾਸਰਜਾ, ਨੇਕ ਸਿੰਘ ਖੋਖ, ਪ੍ਰਗਟ ਸਿੰਘ ਕੋਟੂਪੁਰ ਆਦਿ ਹਾਜਰ ਸਨ।

ਮਾਨ ਨੇ ਸ਼ੁਰੂ ਕਰਵਾਇਆ ਸੀਵਰੇਜ ਤੇ ਗਲੀਆਂ ਦੀ ਉਸਾਰੀ ਦਾ ਕੰਮ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ) ਆਮ ਆਦਮੀ ਪਾਰਟੀ ਵਿਧਾਨ ਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਪਿੰਡ ਨੰਗਲ ਮੱਝਾ ਵਿਖੇ 10 ਲੱਖ ਰੁਪਏ ਦੀ ਲਾਗਤ ਨਾਲ ਸੀਵਰੇਜ ਵਿਛਾਉਣ ਅਤੇ ਪੱਕੀਆਂ ਗਲੀਆਂ ਬਣਾਉਣ ਦੇ ਕੰਮ ਦਾ ਉਦਘਾਟਨ ਕੀਤਾ। ਇਸ ਦੌਰਾਨ ਉਨ੍ਹਾਂ ਸਾਥੀਆਂ ਸਮੇਤ ਭਗਵਾਨ ਵਾਲਮੀਕਿ ਜੀ ਦੇ ਮੰਦਿਰ ਵਿਖੇ ਮੱਥਾ ਟੇਕਿਆ ਅਤੇ ਆਸ਼ੀਰਵਾਦ ਲਿਆ। ਜੋਗਿੰਦਰ ਸਿੰਘ ਮਾਨ ਅਤੇ ਹੋਰਨਾਂ ਪਤਵੰਤਿਆਂ ਦਾ ਸਾਬਕਾ ਸਰਪੰਚ ਚਮਨ ਲਾਲ ਅਤੇ ਪੰਚਾਇਤ ਮੈਂਬਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।

ਮਾਨ ਨੇ ਕਿਹਾ ਕਿ ਪਿੰਡ ਨੰਗਲ ਮੱਝਾ ਵਿੱਚ ਸੀਵਰੇਜ ਅਤੇ ਕੱਚੀਆਂ ਗਲੀਆਂ ਕਾਰਨ ਲੋਕਾਂ ਨੂੰ ਦਰਪੇਸ਼ ਮੁਸ਼ਕਲ ਹੁਣ ਜਲਦੀ ਦੂਰ ਹੋ ਜਾਵੇਗੀ। ਇਸ ਮੌਕੇ 'ਆਪ' ਆਗੂ ਹਰਮੇਸ਼ ਪਾਠਕ, ਮਨਪ੍ਰੀਤ ਸਿੰਘ, ਰਾਕੇਸ਼ ਕੁਮਾਰ ਕੇਸ਼ੀ, ਬਲਾਕ ਪ੍ਰਧਾਨ ਆਸ਼ੂ ਜੱਸੀ, ਸੁਰਿੰਦਰ ਕੌਰ ਪੰਚ, ਰੇਸ਼ਮ ਪੰਚ, ਸੋਨੂੰ ਪੰਚ, ਬਿੰਦਰ ਪੰਚ, ਸ਼ਿੰਦਾ ਸਾਬਕਾ ਪੰਚ, ਬਿੰਦੋ ਸਾਬਕਾ ਪੰਚ, ਪਰੀ ਸਾਬਕਾ ਪੰਚ, ਸੋਢੀ ਬੀ.ਐਸ.ਐਫ., ਲਾਡੀ ਸ਼ੇਰਗਿੱਲ, ਮਨਵੀਰ ਸਿੱਧੂ, ਜੋਤਾ ਸ਼ੇਰਗਿੱਲ, ਤੰਨਾ ਸ਼ੇਰਗਿੱਲ, ਦੀਪਾ ਡੱਬ, ਰਵੀ ਸ਼ੇਰਗਿੱਲ, ਹੰਸ, ਜੋਤੀ, ਸਿੱਧੂ ਸਾਬ, ਜੀਤਾ ਸ਼ੇਰਗਿੱਲ, ਮਨਪ੍ਰੀਤ ਯੂ.ਕੇ., ਗੋਪੀ ਸ਼ੇਰਗਿੱਲ ਗਿੰਦੀ ਸਾਬਕਾ ਪੰਚ ਅਤੇ ਹੋਰ ਪਤਵੰਤੇ ਹਾਜ਼ਰ ਸਨ।

10 ਦੀ ਮੀਟਿੰਗ 'ਚ ਅਗਲੇ ਘੋਲ ਦੀ ਰੂਪ-ਰੇਖਾ ਉਲੀਕੀ ਜਾਵੇਗੀ

ਹੁਸ਼ਿਆਰਪੁਰ, 6 ਨਵੰਬਰ, (ਬਲਵੀਰ ਸਿੰਘ ਸੈਣੀ)-ਪੰਜਾਬ ਪੈਨਸ਼ਨਰ ਵੈਲਫੇਅਰ ਯੂਨੀਅਨ ਹੁਸ਼ਿਆਰਪੁਰ ਦੀ ਮਾਸਕ ਮੀਟਿੰਗ ਮੁਹੱਲਾ ਟਿੱਬਾ ਸਾਹਿਬ ਦੇ ਕਮਿਊਨਿਟੀ ਹਾਲ ਵਿੱਚ ਜਥੇਬੰਦੀ ਦੇ ਪ੍ਰਧਾਨ ਭੁਪਿੰਦਰ ਸਿੰਘ ਐਸ ਐਸ ਦੀ ਪ੍ਰਧਾਨਗੀ ਹੇਠ ਹੋਈ। ਪ੍ਰੈੱਸ ਸਕੱਤਰ ਬਲਵੀਰ ਸਿੰਘ ਨੇ ਦੱਸਿਆ ਕਿ ਮੀਟਿੰਗ ਵਿੱਚ ਸੂਬਾ ਕਮੇਟੀ ਦੇ ਪ੍ਰਧਾਨ ਹਰਭਜਨ ਸਿੰਘ ਅਜਨੋਹਾ ਨੇ ਸ਼ਿਰਕਤ ਕੀਤੀ ਤੇ ਦੱਸਿਆ ਕਿ ਗੌਰਮੈਂਟ ਪੈਨਸ਼ਨਰ ਵੈਲਫੇਅਰ ਦੀ ਦਸ ਨਵੰਬਰ ਨੂੰ ਮੋਗਾ ਵਿਖੇ ਹੋ ਰਹੀ ਮੀਟਿੰਗ ਵਿੱਚ ਅਗਲੇ ਘੋਲ ਦੀ ਰੂਪ ਰੇਖਾ ਉਲੀਕੀ ਜਾਵੇਗੀ। ਉਹਨਾਂ ਨੇ ਦੱਸਿਆ ਕਿ ਹਰ ਵਾਰ ਰੈਲੀ ਅਤੇ ਮੁਜਾਹਰੇ ਦੇ ਸਿੱਟੇ ਵਜੋਂ ਫਰੰਟ ਨੂੰ ਮੀਟਿੰਗ ਲਈ ਸਮਾਂ ਤਾਂ ਦੇ ਦਿੱਤਾ ਜਾਂਦਾ ਹੈ ਪਰ ਕਦੇ ਵੀ ਸਮਰੱਥ ਅਧਿਕਾਰੀ ਨਾਲ ਮੀਟਿੰਗ ਨਹੀਂ ਕਰਵਾਈ ਗਈ। ਆਗੂਆਂ ਨੇ ਆਖਿਆ ਕਿ ਪੈਨਸ਼ਨਰ ਨੂੰ 2.9 ਦੇ ਗੁਣਾਂਕ ਨਾਲ ਨਿਰਧਾਰਿਤ ਕਰਕੇ ਰਹਿੰਦੀਆਂ ਡੀ ਏ ਦੀਆਂ ਤਿੰਨ ਕਿਸ਼ਤਾਂ ਜਾਰੀ ਕੀਤੀਆਂ ਜਾਣ ਅਤੇ ਬਾਕੀ ਮੰਗਾਂ ਵੀ ਮੰਨੀਆਂ ਜਾਣ। ਇਸ ਮੌਕੇ ਹਰਮਿੰਦਰ ਸਿੰਘ ਪ੍ਰਿੰਸੀਪਲ ਕਸ਼ਮੀਰਾ ਸਿੰਘ ਸੀਨੀਅਰ ਮੀਤ ਪ੍ਰਧਾਨ ਸਵਰਨ ਸਿੰਘ ਰਿਟਾਇਰਡ ਲੈਕਚਰਾਰ ਜਨਰਲ ਸਕੱਤਰ ਅਤੇ ਆਰਗੇਨਾਈਜਰ ਸਕੱਤਰ ਪਰਮਜੀਤ ਸਿੰਘ ਸਾਹੀ ਆਦਿ ਹਾਜਰ ਸਨ।

ਸਿਵਲ ਸਰਜਨ ਨੇ ਕਮਿਊਨਿਟੀ ਸਿਹਤ ਕੇਂਦਰ ਦਾ ਕੀਤਾ ਅਚਨਚੇਤ ਦੌਰਾ

ਨਵਾਂਸਹਿਰ, (ਮਨੋਜ ਲਾਡੀ) -ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਕਮਿਊਨਿਟੀ ਸਿਹਤ ਕੇਂਦਰ, ਰਾਹੋਂ ਦਾ ਅਚਨਚੇਤ ਦੌਰਾ ਕਰਕੇ ਉੱਥੇ ਆਮ ਲੋਕਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਨਿਰੀਖਣ ਕੀਤਾ। ਇਸ ਮੌਕੇ ਉਨ੍ਹਾਂ ਹਸਪਤਾਲ ਦੀ ਓ.ਪੀ.ਡੀ., ਜੱਚਾ-ਬੱਚਾ ਵਾਰਡ, ਐਮਰਜੈਂਸੀ ਵਾਰਡ ਸਮੇਤ ਡੇਂਗੂ ਵਾਰਡ ਵਿੱਚ ਸਿਹਤ ਸਹੂਲਤਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਹਸਪਤਾਲ ਵਿੱਚ ਮੈਡੀਕਲ ਸਾਜੋ-ਸਮਾਨ, ਮੈਡੀਕਲ ਲਬੋਰੇਟਰੀ, ਫਾਰਮੇਸੀ, ਲੇਬਰ ਰੂਮ, ਐਮਰਜੈਂਸੀ ਅਤੇ ਆਈ ਪੀ ਡੀ ਦੀ ਸੁਪਰਵੀਜਨ ਵੀ ਕੀਤੀ।

ਇਸ ਮੌਕੇ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਹਸਪਤਾਲ ਦੇ ਉੱਚ ਅਧਿਕਾਰੀਆਂ ਨੂੰ ਹਦਾਇਤ ਕਰਦੇ ਹੋਏ ਕਿਹਾ ਕਿ ਹਸਪਤਾਲ ਵਿਚ ਮਰੀਜਾਂ ਨਾਲ ਨਰਮੀ ਨਾਲ ਪੇਸ਼ ਆਇਆ ਜਾਵੇ। ਉਨ੍ਹਾਂ ਹਸਪਤਾਲ ਵਿਚ ਜਣੇਪੇ ਵਧਾਉਣ ਸਬੰਧੀ ਹਦਾਇਤਾਂ ਵੀ ਜਾਰੀ ਕੀਤੀਆਂ। ਲੋਕਾਂ ਨੂੰ ਸਮੇਂ ਸਿਰ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਨੂੰ ਤਰਜ਼ੀਹ ਦਿੱਤੀ ਜਾਵੇ ਤਾਂ ਜੋ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਿਲ ਪੇਸ਼ ਨਾ ਆਵੇ। ਇਸੇ ਦੌਰਾਨ ਸਿਵਲ ਸਰਜਨ ਨੇ ਸਿਹਤ ਬਲਾਕ ਮੁਜੱਫਰਪੁਰ ਅਧੀਨ ਪੈਂਦੇ ਪਿੰਡ ਸਲੋਹ ਵਿਖੇ ਇਕ ਪਾਜੇਟਿਵ ਮਰੀਜ ਦੇ ਘਰ ਦਾ ਦੌਰਾ ਕਰਕੇ ਡੇਂਗੂ ਦੀ ਰੋਕਥਾਮ ਲਈ ਕੀਤੀਆਂ ਗਈਆਂ ਗਤੀਵਿਧੀਆਂ ਦੀ ਚੈਕਿੰਗ ਵੀ ਕੀਤੀ ਤਾਂ ਜੋ ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਨੂੰ ਯਕੀਨੀ ਬਣਾਇਆ ਜਾ ਸਕੇ। ਡਾ. ਕੌਰ ਨੇ ਪਿੰਡ ਦੇ ਲੋਕਾਂ ਨੂੰ ਡੇਂਗੂ ਸਬੰਧੀ ਸਿਹਤ ਸਿੱਖਿਆ ਵੀ ਦਿੱਤੀ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਡੇਂਗੂ ਦੀ ਰੋਕਥਾਮ ਲਈ ਪੂਰੀ ਵਾਹ ਲਾ ਰਿਹਾ ਹੈ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਸੋਨੀਆ ਸੀਐੱਚਸੀ ਰਾਹੋਂ , ਡਾ. ਰੀਤੂ ਦੀਪਤੀ, ਬਲਾਕ ਐਕਸਟੈਨਸ਼ਨ ਐਜੂਕੇਟਰ ਮਨਿੰਦਰ ਸਿੰਘ, ਸ਼੍ਰੀਮਤੀ ਪ੍ਰਭਜੋਤ ਕੌਰ ਸਟਾਫ ਨਰਸ, ਸ਼੍ਰੀਮਤੀ ਜਸਵੀਰ ਕੌਰ ਸਟਾਫ ਨਰਸ, ਸ਼੍ਰੀਮਤੀ ਹਰਪ੍ਰੀਤ ਕੌਰ ਸਟਾਫ ਨਰਸ, ਮਨਦੀਪ ਸਿੰਘ ਮਪਹਵ, ਗੁਲਸ਼ਨ ਕੁਮਾਰ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।

ਪਰਾਲੀ ਨੂੰ ਅੱਗ ਨਾ ਲਗਾ ਕੇ ਕਿਸਾਨ ਕੁਦਰਤੀ ਸਾਧਨਾਂ ਨੂੰ ਬਚਾਉਣ ਲਈ ਅੱਗੇ ਆਉਣ : ਡਿਪਟੀ ਕਮਿਸ਼ਨਰ

ਗੁਰਾਇਆ (ਬਿੰਦਰ ਸੁਮਨ)-ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਕੁਦਰਤੀ ਸੋਮਿਆਂ ਨੂੰ ਬਚਾਉਣ ਲਈ ਪਰਾਲੀ ਨੂੰ ਅੱਗ ਲਗਾਉਣ ਦੇ ਰੁਝਾਣ ਤੋਂ ਬਚਿਆ ਜਾਵੇ ਕਿਉਂਕਿ ਇਸ ਨਾਲ ਵਾਤਾਵਰਣ ਜ਼ਹਿਰੀਲਆਂ ਗੈਸਾਂ ਨਾਲ ਦੂਸ਼ਤ ਹੋ ਰਿਹਾ ਹੈ। ਰੁੜਕਾ ਕਲਾਂ ਵਿਖੇ ਜਾਗਰੂਕਤਾ ਕੈਂਪ ਦੌਰਾਨ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੇ ਦੇਸ਼ ਨੂੰ ਅਨਾਜ ਦੇ ਖੇਤਰ ਵਿੱਚ ਆਤਮ ਨਿਰਭਰ ਬਣਾਉਣ ਲਈ ਹਮੇਸ਼ਾਂ ਹੀ ਵੱਡੇ ਪੱਧਰ 'ਤੇ ਫ਼ਸਲਾਂ ਦਾ ਵੱਡਾ ਉਤਪਾਦਨ ਕੀਤਾ ਹੈ ਅਤੇ ਵਾਤਾਵਰਣ ਦੀ ਸਾਂਭ ਸੰਭਾਲ ਦੇ ਖੇਤਰ ਵਿੱਚ ਵੀ ਕਿਸਾਨ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾ ਕੇ ਅੱਗੇ ਆਉਣਗੇ। ਕਿਸਾਨਾਂ ਨੂੰ ਭਾਵਨਾਤਮਕ ਅਪੀਲ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਹ ਵੀ ਉਨਾਂ ਦੀ ਤਰ੍ਹਾਂ ਹੀ ਹਨ ਅਤੇ ਜ਼ਮੀਨੀ ਹਕੀਕਤ ਨੂੰ ਜਾਣਦੇ ਹਨ। ਉਨ੍ਹਾਂ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੇ ਰੁਝਾਣ ਨੂੰ ਸਾਂਝੇ ਤੇ ਸਾਰਥਕ ਯਤਨਾਂ ਨਾਲ ਰੋਕਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਪਰਾਲੀ ਦੇ ਸੁਚੱਜੇ ਨਿਪਟਾਰੇ ਲਈ ਇਨ-ਸਿਟੂ ਅਤੇ ਐਕਸ-ਸਿਟੂ ਪ੍ਰਬੰਧਨ ਨੂੰ ਅਪਣਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣਾ ਕੋਈ ਹੱਲ ਨਹੀਂ ਹੈ ਅਤੇ ਜੇਕਰ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ਼-ਸੁਥਰਾ ਤੇ ਹਰਿਆ ਭਰਿਆ ਵਾਤਾਵਰਣ ਦੇਣਾ ਚਾਹੁੰਦੇ ਹਾਂ ਤਾਂ ਸਾਨੂੰ ਇਸ ਰੁਝਾਣ ਨੂੰ ਛੱਡਣਾ ਹੋਵੇਗਾ। ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਉਹ ਇਸ ਭੈੜੇ ਰੁਝਾਣ ਖਿਲਾਫ਼ ਲੜਾਈ ਵਿੱਚ ਸ਼ਾਮਿਲ ਹੋਣ ਅਤੇ ਕੁਦਰਤੀ ਸਾਧਨਾਂ ਨੂੰ ਬਚਾਉਣ ਲਈ ਸਰਗਰਮ ਯੋਗਦਾਨ ਪਾਉਣ। ਉਨ੍ਹਾਂ ਅਗਾਂਹਵਧੂ ਕਿਸਾਨਾਂ ਦੀ ਵੀ ਭਰਪੂਰ ਸ਼ਲਾਘਾ ਕੀਤੀ ਜਿਨ੍ਹਾਂ ਵਲੋਂ ਖੇਤੀ ਦੀਆਂ ਅਤਿ ਆਧੁਨਿਕ ਤਕਨੀਕਾਂ ਦੀ ਵਰਤੋਂ ਕਰਕੇ ਵਾਤਾਵਰਣ ਅਤੇ ਪਾਣੀ ਨੂੰ ਬਚਾਉਣ ਲਈ ਯੋਗਦਾਨ ਪਾਇਆ ਜਾ ਰਿਹਾ। ਜ਼ਿਕਰਯੋਗ ਹੈ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ 'ਤੇ ਨਿਗਰਾਨੀ ਲਈ ਫਿਲੌਰ, ਨਕੋਦਰ ਅਤੇ ਸ਼ਾਹਕੋਟ ਵਿਖੇ ਐਸ.ਡੀ.ਐਮਜ਼ ਤੋਂ ਇਲਾਵਾ ਤਿੰਨ ਵਧੀਕ ਡਿਪਟੀ ਕਮਿਸ਼ਨਰਾਂ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਨੂੰ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ। ਇਸ ਉਪਰੰਤ ਡਿਪਟੀ ਕਮਿਸ਼ਨਰ ਵਲੋਂ ਕਿਸਾਨਾਂ ਦੁਆਰਾ ਅਪਣਾਏ ਜਾ ਰਹੇ ਐਕਸ-ਸਿਟੂ ਪ੍ਰਬੰਧਨ ਨੂੰ ਖੇਤਾਂ ਵਿੱਚ ਜਾ ਕੇ ਦੇਖਿਆ ਗਿਆ ਅਤੇ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਗਈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਉਪ ਮੰਡਲ ਮੈਜਿਸਟਰੇਟ ਅਮਨਪਾਲ ਸਿੰਘ ਅਤੇ ਰਣਜੀਤ ਸਿੰਘ ਚੌਹਾਨ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਤੋਂ ਮਾਹਿਰ ਵੀ ਹਾਜ਼ਰ ਸਨ।

ਹੀਉਂ ਪਰਵਾਰ ਨੂੰ ਸਦਮਾ, ਕਾਂਤਾ ਦੇਵੀ ਦਾ ਦਿਹਾਂਤ



ਬੰਗਾ : ਮਾਕਪਾ, ਖੇਤ ਮਜ਼ਦੂਰ ਯੂਨੀਅਨ ਅਤੇ ਮੁਲਾਜ਼ਮਾਂ ਦੇ ਉੱਘੇ ਆਗੂ ਰਹੇ ਮਰਹੂਮ ਸਾਥੀ ਡਾਕਟਰ ਪੀ ਬੀ ਪਾਲ ਹੀ

8-NOV-PAGE-10.qxd 11/7/2023 10:24 PM Page 1

ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ ਨੇ ਰੈਲੀ ਦਾ ਰੂਪ ਧਾਰਿਆ

■ ਪਾਵਰਕਾਮ ਮੈਨੇਜਮੈਂਟ ਖਿਲਾਫ ਸੰਘਰਸ਼ 'ਚ ਸ਼ਮੂਲੀਅਤ ਲਈ ਤਿਆਰ ਰਹੋ : ਸਰਿੰਦਰ ਧੌਲਾ

ਬਰਨਾਲਾ (ਰਾਜਿੰਦਰ ਬਰਾੜ)-ਪਾਵਰਕੌਮ ਤੇ ਟਰਾਂਸਕੋ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਸ਼ਹਿਰੀ ਤੇ ਦਿਹਾਤੀ ਮੰਡਲਾਂ ਦੀ ਸਾਂਝੀ ਵੱਡੀ ਮੀਟਿੰਗ ਰਣਜੀਤ ਸਿੰਘ ਦੀ ਪ੍ਰਧਾਨਗੀ ਹੇਠ ਮੁੱਖ ਦਫਤਰ ਧਨੌਲਾ ਰੋਡ ਬਰਨਾਲਾ ਵਿਖੇ ਕੀਤੀ ਗਈ। ਇਸ ਮੀਟਿੰਗ ਸੈਂਕੜੇ ਸਾਥੀਆਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ। ਇਸ ਰੈਲੀ ਦਾ ਰੂਪ ਧਾਰਨ ਕਰ ਗਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਰਕਲ ਸਕੱਤਰ ਸਰਿੰਦਰ ਧੌਲਾ, ਹਰਨੇਕ ਸਿੰਘ ਸੰਘੇੜਾ, ਨਰਾਇਣ ਦੱਤ ਤੇ ਜੱਗਾ ਸਿੰਘ ਧਨੌਲਾ ਨੇ ਪਾਵਰਕੌਮ ਪੈਨਸ਼ਨਰਾਂ ਦੀਆਂ ਬੁਨਿਆਦੀ ਮੰਗਾਂ ਦੀ ਬਾਰੇ ਤੇ ਚੱਲ ਰਹੇ ਸੰਘਰਸ਼ ਬਾਰੇ ਚਰਚਾ ਕੀਤੀ। ਚੱਲ ਰਹੇ ਸੰਘਰਸ਼ ਦੌਰਾਨ ਪੰਜਾਬ ਸਰਕਾਰ ਨਾਲ ਜਥੇਬੰਦੀ ਦੇ ਸੰਘਰਸ਼ ਦੀ ਬਦੌਲਤ ਹੋਈਆਂ ਮੀਟਿੰਗਾਂ ਵਿੱਚ ਪਾਵਰਕੌਮ ਦੇ ਪੈਨਸ਼ਨਰਜ਼ ਦੀਆਂ ਮੰਗਾਂ ਤੇ ਪਾਵਰਕੌਮ ਦੀ ਮੈਨੇਜਮੈਂਟ ਵੱਲੋਂ ਟੈਕਨੀਕਲ ਸਰਵਿਸਿਜ਼ ਯੂਨੀਅਨ ਦੇ ਦੋ ਆਗੂਆਂ ਦੀ ਜਬਰੀ ਟਰਮੀਨੇਟ ਕੀਤੇ ਸਾਥੀਆਂ ਨੂੰ ਬਹਾਲ ਕਰਨ ਦੀ ਮੰਨੀ ਹੋਈ ਮੰਗ ਲਾਗੂ ਨਾ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਟਰਮੀਨੇਟ ਕੀਤੇ ਆਗੂਆਂ ਨੂੰ ਵਾਅਦੇ ਅਨੁਸਾਰ ਬਹਾਲ ਕਰਨ ਦੀ ਮੰਗ ਕੀਤੀ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਪਾਵਰਕੌਮ ਦੀ ਮੈਨੇਜਮੈਂਟ ਜਥੇਬੰਦੀ ਦੀਆਂ ਲੰਬੇ ਸਮੇਂ ਤੋਂ ਲਮਕਾ ਅਵਸਥਾ ਵਿੱਚ ਪਈਆਂ ਮੰਗਾਂ ਨੂੰ ਮੰਨਣ ਤੋਂ ਇਨਕਾਰੀ ਹੈ। ਇਸੇ ਕਰਕੇ ਸੰਘਰਸ਼ ਦੀ ਕੜੀ ਵਜੋਂ ਸਮੁੱਚੇ ਪੰਜਾਬ ਦੇ ਪੰਜੇ ਜ਼ੋਨਾਂ ਅੱਗੇ ਪਾਵਰਕੌਮ ਦੀ ਮੈਨੇਜਮੈਂਟ ਖਿਲਾਫ ਦਿੱਤੇ ਜਾਣ ਵਾਲੇ ਧਰਨਿਆਂ ਦੀਆਂ ਤਿਆਰੀਆਂ ਵਿੱਚ ਜੁੱਟ ਜਾਣ ਦਾ ਸੱਦਾ ਦਿੱਤਾ। ਧਰਨਿਆਂ ਦੀਆਂ ਤਾਰੀਖਾਂ ਦਾ ਐਲਾਨ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਕਰਕੇ ਜਲਦੀ ਦਿੱਤਾ ਜਾਵੇਗਾ। ਪੰਜਾਬ ਤੇ ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਦੇ ਸੱਦੇ 'ਤੇ ਕੀਤੇ ਗਏ ਸੰਘਰਸ਼ 'ਚ ਸ਼ਮੂਲੀਅਤ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਪੈਨਸ਼ਨਰਜ਼ ਸਾਥੀਆਂ ਦਾ ਵਧ ਚੜ੍ਹ ਕੇ ਸ਼ਮੂਲੀਅਤ ਕਰਨ ਲਈ ਧੰਨਵਾਦ ਕੀਤਾ। ਪੰਜਾਬ ਸਰਕਾਰ ਦੀ ਮੁਲਾਜ਼ਮ ਤੇ ਪੈਨਸ਼ਨਰਜ਼ ਵਿਰੋਧੀ ਨੀਤੀ ਖਿਲਾਫ ਤੇ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ ਤਿੱਖੇ ਸੰਘਰਸ਼ ਦੀ ਲੋੜ 'ਤੇ ਜ਼ੋਰ ਦਿੱਤਾ। ਬੁਲਾਰੇ ਆਗੂਆਂ ਨੇ ਕਿਹਾ ਕਿ ਪਾਵਰਕੌਮ ਦੀ ਮੈਨੇਜਮੈਂਟ ਤੇ ਪੰਜਾਬ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮਹਿੰਗਾਈ ਭੱਤੇ ਦੀ ਤਿੰਨ ਕਿਸ਼ਤਾਂ ਦੱਬੀ ਬੈਠੀ ਹੈ। ਬੁਲਾਰਿਆਂ ਨੇ ਲੋਕ ਪੱਖੀ ਮੀਡੀਏ ਨਿਊਜ਼ ਕਲਿੱਕ ਦੇ ਸੰਪਾਦਕ ਨੂੰ ਯੂਏਪੀਏ ਵਰਗੀਆਂ ਧਾਰਾਵਾਂ ਲਗਾ ਕੇ ਗ੍ਰਿਫ਼ਤਾਰ ਕਰਨ ਤੇ 50 ਦੇ ਤਕਰੀਬਨ ਪੱਤਰਕਾਰਾਂ ਦੇ ਘਰਾਂ/ਦਫਤਰਾਂ ਦੀ ਛਾਪਾਮਾਰੀ ਕਰਨ ਦੀ ਸਖਤ ਸ਼ਬਦਾਂ 'ਚ ਨਿਖੇਧੀ ਕਰਨ, ਬੁੱਧੀਜੀਵੀਆਂ, ਸਮਾਜਿਕ ਕਾਰਕੁਨਾਂ, ਲੇਖਕਾਂ, ਪੱਤਰਕਾਰਾਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ। ਇਜਰਾਈਲੀ ਧਾੜਵੀਆਂ ਵੱਲੋਂ ਫਲਸਤੀਨੀ ਲੋਕਾਂ ਖਿਲਾਫ ਵਿੱਢੀ ਨਿਹੱਕੀ ਜੰਗ ਬੰਦ ਕਰਨ ਦੀ ਜ਼ੋਰਦਾਰ ਮੰਗ ਕੀਤੀ।

ਇਸ ਮੀਟਿੰਗ ਵਿੱਚ ਬੁਲਾਰੇ ਆਗੂਆਂ ਜੋਗਿੰਦਰ ਪਾਲ, ਗੌਰੀ ਸ਼ੰਕਰ, ਜਨਕ ਸਿੰਘ, ਗੁਰਜੰਟ ਸਿੰਘ, ਜਗਰਾਜ ਸਿੰਘ, ਭਾਗ ਸਿੰਘ, ਜਗਰਾਜ ਸਿੰਘ, ਗੁਰਜੰਟ ਸਿੰਘ, ਬੂਟਾ ਸਿੰਘ, ਬਲਵੰਤ ਸਿੰਘ, ਪਿਆਰਾ ਸਿੰਘ, ਬਲਦੇਵ ਸਿੰਘ, ਤੀਰਥ ਦਾਸ, ਸੁਖਵੰਤ ਸਿੰਘ ਚੂੰਘਾਂ, ਹਰਦੇਵ ਸਿੰਘ, ਰਾਮਪਾਲ ਸਿੰਘ ਆਦਿ ਆਗੂਆਂ ਨੇ ਸਮੁੱਚੀ ਹਾਲਤ ਅਤੇ ਅਗਲੇ ਤਿੱਖੇ ਸੰਘਰਸ਼ ਬਾਰੇ ਵੀ ਵਿਚਾਰ ਚਰਚਾ ਕੀਤੀ। ਸਟੇਜ ਸਕੱਤਰ ਦੇ ਫਰਜ਼ ਸ਼ਹਿਰੀ ਮੰਡਲ ਬਰਨਾਲਾ ਦੇ ਸਕੱਤਰ ਗੁਰਚਰਨ ਸਿੰਘ ਨੇ ਬਾਖੂਬੀ ਨਿਭਾਏ।

ਦੇਸ਼ ਭਗਤ 'ਵਰਸਿਟੀ ਨੇ ਗੁੱਡ ਮੈਨੂਫੈਕਚਰਿੰਗ ਪ੍ਰੈਕਟਿਸ ਡੇਅ ਮਨਾਇਆ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਦੇਸ਼ ਭਗਤ ਯੂਨੀਵਰਸਟੀ ਦੇ ਸਕੂਲ ਆਫ ਫਾਰਮੇਸੀ ਪਲੇਸਬੋ ਕਲੱਬ ਵੱਲੋਂ ਨੈਸ਼ਨਲ ਕਰੰਟ ਗੁੱਡ ਮੈਨੂਫੈਕਚਰਿੰਗ ਪ੍ਰੈਕਟਿਸ ਡੇਅ ਮਨਾਇਆ ਗਿਆ। ਇਸ ਮੌਕੇ ਆਨਲਾਈਨ ਗੈਸਟ ਲੈਕਚਰ ਦਾ ਆਯੋਜਨ ਵੀ ਕੀਤਾ ਗਿਆ। ਡਾ. ਪੂਜਾ ਗੁਲਾਟੀ ਪ੍ਰਿੰਸੀਪਲ ਸਕੂਲ ਆਫ਼ ਫਾਰਮੇਸੀ ਨੇ ਸ੍ਰੀ ਸੁਭਾ ਨਮਨ, ਸਹਾਇਕ ਪ੍ਰੋਫੈਸਰ ਆਈ ਸੀ ਐੱਫ ਏ ਆਈ ਯੂਨੀਵਰਸਿਟੀ, ਹਿਮਾਚਲ ਪ੍ਰਦੇਸ਼ ਦਾ ਮੁੱਖ ਬੁਲਾਰੇ ਵਜੋਂ ਸਵਾਗਤ ਕੀਤਾ। ਸ਼੍ਰੀ ਸੁਭ ਨਮਨ ਨੇ ਆਪਣੇ ਭਾਸ਼ਣ 'ਚ ਮੌਜੂਦਾ ਚੰਗੇ ਨਿਰਮਾਣ ਅਭਿਆਸ ਦੀ ਮਹੱਤਤਾ 'ਤੇ ਧਿਆਨ ਕੇਂਦਰਤ ਕੀਤਾ। ਲੈਕਚਰ ਦੌਰਾਨ ਸਪੀਕਰ ਦੁਆਰਾ ਡਿਜ਼ਾਈਨ ਗੁਣਵੱਤਾ, ਰਿਸਕ ਮੈਨੇਜਮੈਂਟ ਤੇ ਅਸੈਸਮੈਂਟ ਦੀ ਚੰਗੀ ਤਰ੍ਹਾਂ ਵਿਆਖਿਆ ਕੀਤੀ ਗਈ।

ਉਨ੍ਹਾਂ ਮਿੰਨੀ ਟੈਬ ਤੇ ਆਪਟੀਮਾਈਜੇਸ਼ਨ ਤਕਨੀਕਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਭਾਸ਼ਣ ਤੋਂ ਬਾਅਦ ਸਪੀਕਰ ਤੇ ਵਿਦਿਆਰਥੀਆਂ ਵਿਚਕਾਰ ਇੱਕ ਇੰਟਰਐਕਟਿਵ ਸਵਾਲ-ਜਵਾਬ ਸੈਸ਼ਨ ਵੀ ਹੋਇਆ। ਡਾ. ਪੂਜਾ ਗੁਲਾਟੀ ਪ੍ਰਿੰਸੀਪਲ ਸਕੂਲ ਆਫ ਫਾਰਮੇਸੀ ਨੇ ਦੱਸਿਆ ਕਿ ਸਕੂਲ ਆਫ ਫਾਰਮੇਸੀ ਦੇ ਸਾਰੇ ਫੈਕਲਟੀ ਮੈਂਬਰਾਂ ਤੇ ਵਿਦਿਆਰਥੀਆਂ ਨੇ ਇਸ ਸ਼ਾਨਦਾਰ ਲੈਕਚਰ ਤੋਂ ਬਹੁਤ ਕੁਝ ਸਿੱਖਿਆ। ਇਹ ਬਹੁਤ ਹੀ ਸ਼ਾਨਦਾਰ ਤੇ ਗਿਆਨ ਭਰਪੂਰ ਲੈਕਚਰ ਸੀ। ਅੰਤ ਵਿੱਚ ਡਾ. ਗੁਲਾਟੀ ਨੇ ਰਸਮੀ ਧੰਨਵਾਦ ਦਾ ਮਤਾ ਪੇਸ਼ ਕੀਤਾ।

ਵੱਖ-ਵੱਖ ਜਥੇਬੰਦੀਆਂ ਵੱਲੋਂ ਨਗਰ ਕੌਂਸਲ ਦੇ ਮੀਟਿੰਗ ਹਾਲ ਦਾ ਘਿਰਾਓ

ਮਾਨਸਾ (ਪਮਾਰ)-ਸੰਤ ਲੌਂਗੋਵਾਲ ਲਾਈਬ੍ਰੇਰੀ ਮਾਨਸਾ ਵਿਖੇ ਬੀਤੇ ਦਿਨ ਨਗਰ ਪਾਲਿਕਾ ਮਾਨਸਾ ਦੀ ਮੀਟਿੰਗ ਰੱਖੀ ਗਈ। ਇਸ ਮੀਟਿੰਗ ਹਾਲ ਦਾ ਲਿਬਰੇਸ਼ਨ ਪਾਰਟੀ ਤੇ ਪੰਜਾਬ ਕਿਸਾਨ ਯੂਨੀਅਨ, ਜਮਹੂਰੀ ਕਿਸਾਨ ਸਭਾ, ਮਜ਼ਦੂਰ ਮੁਕਤੀ ਮੋਰਚਾ, ਐਂਟੀ-ਡਰੱਗ ਫੋਰਸ ਜਥੇਬੰਦੀਆਂ ਦੇ ਆਗੂਆਂ ਵੱਲੋਂ ਘਿਰਾਓ ਕੀਤਾ ਗਿਆ। ਘਿਰਾਓ ਦੌਰਾਨ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਲਿਬਰੇਸ਼ਨ ਪਾਰਟੀ ਦੇ ਆਗੂ ਕਾਮਰੇਡ ਰਾਜਵਿੰਦਰ ਰਾਣਾ ਨੇ ਕਿਹਾ ਕਿ ਪੂਰੇ ਸ਼ਹਿਰ ਵਿੱਚ ਸੀਵਰੇਜ ਦਾ ਪਾਣੀ ਸੜਕਾਂ 'ਤੇ ਖੜਾ ਹੈ, ਸੀਵਰੇਜ ਦੇ ਪਾਣੀ ਕਾਰਨ ਡੇਂਗੂ ਤੇ ਮਲੇਰੀਆ ਵਰਗੀਆਂ ਬੀਮਾਰੀਆਂ ਕਾਰਨ ਹਸਪਤਾਲ ਮਰੀਜ਼ਾਂ ਨਾਲ ਭਰੇ ਪਏ ਹਨ। ਵਾਰ ਵਾਰ ਪ੍ਰਸ਼ਾਸਨ ਤੇ ਨਗਰਪਾਲਿਕਾ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਕੋਈ ਹੱਲ ਨਹੀਂ ਕੀਤਾ ਜਾ ਰਿਹਾ।

ਓਧਰ ਦੂਜੇ ਪਾਸੇ ਸਿਵਲ ਹਸਪਤਾਲ ਦੇ ਅੱਗੇ ਕਮੇਟੀ ਦੀ ਥਾਂ 'ਤੇ ਨਜਾਇਜ਼ ਕਬਜ਼ੇ ਹੋਣ ਕਾਰਨ ਪੂਰੇ ਸ਼ਹਿਰ ਵਾਸੀਆਂ ਤੇ ਪੂਰੇ ਜ਼ਿਲ੍ਹੇ ਦੇ ਮਰੀਜ਼ਾਂ ਨੂੰ ਹਸਪਤਾਲ ਆਉਣ ਸਮੇਂ ਭਾਰੀ ਜਾਮਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਐਂਬੂਲੈਂਸਾਂ ਮਰੀਜ਼ਾਂ ਨੂੰ ਲਿਜਾਣ ਸਮੇਂ ਜਾਮ ਵਿੱਚ ਫਸ ਜਾਂਦੀਆਂ ਹਨ। ਕਮੇਟੀ ਵੱਲੋਂ ਇਨ੍ਹਾਂ ਦੁਕਾਨਾਂ ਨੂੰ ਢਾਹੁਣ ਲਈ ਪਿਛਲੇ ਤੀਹ ਵਰ੍ਹਿਆਂ ਤੋਂ ਅਦਾਲਤਾਂ ਵਿੱਚ ਕੇਸ ਲੜਿਆ ਜਾ ਰਿਹਾ ਸੀ ਤੇ ਦੁਕਾਨਦਾਰਾਂ ਵੱਲੋਂ ਸਟੇਅ ਲਈ ਹੋਈ ਸੀਸ ਪਰ ਹਾਈ ਕੋਰਟ ਵੱਲੋਂ ਸਟੇਅ ਰੱਦ ਕਰਕੇ ਕਮੇਟੀ ਨੂੰ ਅਧਿਕਾਰ ਦਿੱਤੇ ਹਨ ਕਿ ਉਹ ਮਿਣਤੀ ਕਰਵਾ ਕੇ ਨਜਾਇਜ਼ ਕਬਜ਼ੇ ਹਟਾ ਸਕਦੀ ਹੈ, ਪਰ ਇਸ ਮੀਟਿੰਗ ਵਿੱਚ ਇੱਕ ਮਤੇ ਰਾਹੀਂ ਕਮੇਟੀ ਆਪਣੇ ਕਲੇਮ ਨੂੰ ਹੀ ਇਹ ਕਹਿ ਕੇ ਛੱਡ ਰਹੀ ਸੀ ਕਿ ਇਸ ਦੀ ਮਿਣਤੀ ਨਹੀਂ ਹੋ ਸਕਦੀ ਤੇ ਦੁਬਾਰਾ ਮਿਣਤੀ ਕਰਵਾਉਣ ਦਾ ਫੈਸਲਾ ਵਾਪਸ ਲੈ ਕੇ ਦੁਕਾਨਦਾਰਾਂ ਨੂੰ ਕਰੋੜਾਂ ਰੁਪਏ ਦੀ ਜਾਇਦਾਦ ਦੇ ਮਾਲਕ ਬਣੇ ਰਹਿਣ ਦਾ ਰਾਹ ਪੱਧਰਾ ਕਰ ਰਹੀ ਸੀ, ਪ੍ਰੰਤੂ ਘਿਰਾਓ ਤੋਂ ਬਾਅਦ ਮਿਉਂਸਪਲ ਕਮੇਟੀ ਦੇ ਪ੍ਰਧਾਨ ਵਿਜੇ ਸਿੰਗਲਾ ਤੇ ਈ ਓ ਮਾਨਸਾ ਨੇ ਇਕੱਠ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਇਹ ਮਤਾ ਵਾਪਸ ਲੈ ਕੇ ਦੁਬਾਰਾ ਮਿਣਤੀ ਦੇ ਆਰਡਰ ਜਲਦੀ ਜਾਰੀ ਕਰ ਦੇਣਗੇ ਅਤੇ ਸੀਵਰੇਜ ਬਾਰੇ ਵੀ ਵਿਸ਼ਵਾਸ ਦਿਵਾਇਆ ਕਿ 31 ਲੱਖ ਦੀ ਰਾਸ਼ੀ ਅੱਜ ਹੀ ਪਾਸ ਕਰਕੇ ਸਮੁੱਚੇ ਸ਼ਹਿਰ ਦੇ ਸੀਵਰੇਜ ਦੀ ਸਫਾਈ ਕਰਵਾ ਦਿੱਤੀ ਜਾਵੇਗੀ। ਇਸ ਘਿਰਾਓ ਤੇ ਧਰਨੇ ਵਿੱਚ ਹਰਜਿੰਦਰ ਸਿੰਘ ਮਾਨਸ਼ਾਹੀਆ, ਬਲਵਿੰਦਰ ਘਰਾਂਗਣਾ, ਗੁਰਪਿਆਰ ਗੇਹਲੇ, ਸੁਖਚਰਨ ਦਾਨੇਵਾਲੀਆ, ਕਰਨੈਲ ਸਿੰਘ, ਗਗਨ ਸ਼ਰਮਾ, ਮੇਜਰ ਸਿੰਘ, ਐਡਵੋਕੇਟ ਮਾਖਾ, ਪ੍ਰਦੀਪ ਖਾਲਸਾ, ਸਾਧੂ ਸਿੰਘ, ਜਾਗਰ ਸਿੰਘ ਫੌਜੀ ਆਦਿ ਸ਼ਾਮਲ ਸਨ।

ਕਾਤਰਾਂ

ਲੋੜਾਂ ਦੀ ਪੂਰਤੀ ਲਈ ਦਿਵਿਆਂਗਜਨ ਮਿਲੇ ਡੀ ਸੀ ਨੂੰ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਡਿਪਟੀ ਕਮਿਸ਼ਨਰ ਫਾਜ਼ਿਲਕਾ ਡਾ. ਸੇਨੂ ਦੁੱਗਲ ਆਪਣੇ ਦਫਤਰ ਲਗਾਤਾਰ ਲੋਕਾਂ ਦੀਆਂ ਮੁਸ਼ਕਲਾਂ ਸੁਣਦੇ ਹਨ। ਬੀਤੇ ਦਿਨ ਜਦ ਕੁਝ ਦਿਵਿਆਂਗਜਨ ਆਪਣੀਆਂ ਮੁਸ਼ਕਲਾਂ ਲੈ ਕੇ ਮਿਲਣ ਪੁੱਜੇ ਤੇ ਡੀ ਸੀ ਨੇ ਦਫਤਰ ਤੋਂ ਬਾਹਰ ਜਾ ਕੇ ਉਨ੍ਹਾਂ ਦਾ ਮੰਗ ਪੱਤਰ ਲਿਆ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਨੂੰ ਪੰਜਾਬ ਸਰਕਾਰ ਦਿਵਿਆਂਗਜਨ ਦੀ ਭਲਾਈ ਲਈ ਯਤਨਸ਼ੀਲ ਹੈ ਤੇ ਅਨੇਕਾਂ ਹੀ ਸਹੂਲਤਾਂ ਵੀ ਸਰਕਾਰ ਵੱਲੋਂ ਦਿੱਤੀਆਂ ਗਈਆਂ ਹਨ। ਉਨ੍ਹਾ ਕਿਹਾ ਕਿ ਅੱਜ ਜੋ ਤੁਸੀਂ ਆਪਣੀਆਂ ਕੁੱਝ ਮੁਸ਼ਕਲਾਂ ਲੈ ਕੇ ਮੇਰੇ ਕੋਲ ਆਏ ਹੋ ਤੇ ਮੈਂ ਤੁਹਾਡੀ ਹਰ ਪ੍ਰਕਾਰ ਦੀ ਮਦਦ ਲਈ ਹਾਜ਼ਰ ਹਾਂ ਤੇ ਤੁਹਾਡੀ ਮੰਗ ਸਬੰਧੀ ਸਰਕਾਰ ਨੂੰ ਵੀ ਲਿਖਾਂਗੀ।

ਵੀਜ਼ਨ ਐਜੂਕੇਸ਼ਨ ਦੀ ਵਿਦਿਆਰਥਣ ਨੇ ਪੀ.ਟੀ.ਈ. 'ਚੋਂ 57 ਸਕੋਰ ਲਏ

ਬਾਘਾ ਪੁਰਾਣਾ (ਮਨੀ ਸਿੰਗਲਾ)-ਮੋਗ ਬੱਸ ਸਟੈਂਡ 'ਚ ਸਥਿਤ ਸੰਸਥਾ ਵੀਜ਼ਨ ਐਜੂਕੇਸ਼ਨ ਐਂਡ ਇਮੀਗ੍ਰੇਸ਼ਨ ਦੇ ਡਾਇਰੈਕਟਰ ਯਾਦਵਿੰਦਰ ਸਿੰਘ, ਇਕਬਾਲ ਸਿੰਘ ਢਿੱਲੋਂ ਤੇ ਨੰਦ ਸਿੰਘ ਬਰਾੜ ਨੇ ਦੱਸਿਆ ਕਿ ਲਵਪ੍ਰੀਤ ਕੌਰ ਪੁੱਤਰੀ ਭਗਵੰਤ ਸਿੰਘ ਵਾਸੀ ਚੂਹੜਚੱਕ ਨੇ ਪੀ.ਟੀ.ਈ. ਵਿੱਚੋਂ ਓਵਰਆਲ 57 ਸਕੋਰ ਪ੍ਰਾਪਤ ਕਰ ਕੇ ਆਪਣੇ ਮਾਤਾ-ਪਿਤਾ ਤੇ ਸੰਸਥਾ ਦਾ ਨਾਮ ਰੋਸ਼ਨ ਕੀਤਾ। ਸੰਸਥਾ ਵਿੱਚ ਆਈਲਟਸ ਦੀ ਤਿਆਰੀ ਅਧਿਆਪਕਾਂ ਦੁਆਰਾ ਬਹੁਤ ਹੀ ਵਧੀਆ ਤਰੀਕੇ ਨਾਲ ਕਰਵਾਈ ਜਾਂਦੀ ਹੈ। ਕਮਜ਼ੋਰ ਵਿਦਿਆਰਥੀਆਂ ਲਈ ਸਪੈਸ਼ਲ ਕਲਾਸ ਲਗਾਈ ਜਾਂਦੀ ਹੈ। ਸੰਸਥਾ ਵੱਲੋਂ ਪੀ.ਟੀ.ਈ. ਦੀ ਕੋਚਿੰਗ ਵੀ ਦਿੱਤੀ ਜਾਂਦੀ ਹੈ ਅਤੇ ਸਟੱਡੀ ਵੀਜ਼ਾ, ਵਿਜ਼ਟਰ ਵੀਜ਼ਾ ਤੇ ਓਪਨ ਵਰਕ ਪਰਮਿੱਟ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਹੈ।

ਪ੍ਰਕਾਸ਼ ਉਤਸਵ ਸੰਬੰਧੀ ਮੀਟਿੰਗ 10 ਨੂੰ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ)-ਸਥਾਨਕ ਗੁਰਦੁਆਰਾ ਯਾਦਗਾਰ ਸ਼ਹੀਦਾਂ ਪੱਤੀ ਦੁੱਲਟ ਦੇ ਪ੍ਰਧਾਨ ਗੁਰਜੰਟ ਸਿੰਘ ਦੁੱਲਟ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 554ਵਾਂ ਪ੍ਰਕਾਸ਼ ਦਿਹਾੜਾ ਮਨਾਉਣ ਸਬੰਧੀ 10 ਨਵੰਬਰ ਨੂੰ ਗੁਰਦੁਆਰਾ ਯਾਦਗਾਰ ਸ਼ਹੀਦਾਂ ਪੱਤੀ ਦੁੱਲਟ ਵਿਖੇ ਜ਼ਰੂਰੀ ਮੀਟਿੰਗ ਰੱਖੀ ਗਈ ਹੈ। ਇਸ ਮੀਟਿੰਗ ਵਿੱਚ ਸਮੂਹ ਪਬਲਿਕ ਨੂੰ ਪਹੁੰਚਣ ਦੀ ਅਪੀਲ ਕੀਤੀ ਗਈ ਹੈ।

ਫਤਿਹ ਗਰੁੱਪ ਵਿਖੇ ਸਾਲਾਨਾ ਸਤਰੰਗ ਫੈਸਟੀਵਲ ਅੱਜ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਵਿਖੇ ਵਿਦਿਆਰਥੀਆਂ ਵੱਲੋਂ ਸਾਡੇ ਸੱਭਿਆਚਾਰਕ ਤੇ ਵਿਰਾਸਤੀ ਹੁਨਰਾਂ ਅਤੇ ਕਲਾਵਾਂ ਨਾਲ ਵਿਦਿਆਰਥੀਆਂ ਨੂੰ ਜੋੜਨ ਲਈ ਗਿੱਧੇ, ਭੰਗੜੇ, ਨਾਟਕ, ਗੀਤ, ਲੋਕਗੀਤ, ਗੱਤਕੇ ਆਦਿ ਲੋਕ ਹੁਨਰਾਂ ਤੇ ਕਲਾਵਾਂ ਦੇ ਰੰਗਾਰੰਗ ਪ੍ਰੋਗਰਾਮ ਸਾਲਾਨਾ ਸਤਰੰਗ ਫੈਸਟੀਵਲ 8 ਨਵੰਬਰ 2023 ਨੂੰ ਸਵੇਰੇ 10:30 ਵਜੇ ਕਰਵਾਇਆ ਜਾ ਰਿਹਾ ਹੈ। ਇਸ ਦੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਚੇਅਰਮੈਨ ਐੱਸ ਐੱਸ ਚੱਠਾ ਨੇ ਦੱਸਿਆ ਕਿ ਇਸ ਮੌਕੇ ਮੁੱਖ ਮਹਿਮਾਨ ਮਾਨਯੋਗ ਗੁਰਮੀਤ ਸਿੰਘ ਖੁੱਡੀਆਂ ਕੈਬਨਿਟ ਖੇਤੀਬਾੜੀ ਮੰਤਰੀ ਪੰਜਾਬ, ਵਿਸ਼ੇਸ਼ ਮਹਿਮਾਨ ਮੋੜ ਦੇ ਹਲਕਾ ਵਿਧਾਇਕ ਸੁਖਵੀਰ ਸਿੰਘ ਮਾਈਸਰਖਾਨਾ ਤੇ ਜ਼ਿਲ੍ਹਾ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਰਘਵੀਰ ਸਿੰਘ ਮਾਨ ਸਹਿਤ ਇਲਾਕੇ ਦੇ ਅਧਿਆਪਕ ਸਹਿਬਾਨ, ਪ੍ਰਮੁੱਖ ਸ਼ਖਸੀਅਤਾਂ, ਵਿਦਿਆਰਥੀ ਆਦਿ ਪਹੁੰਚ ਰਹੇ ਹਨ। ਇਸ ਮੌਕੇ ਇਲਾਕੇ ਦੇ ਪ੍ਰੇਰਣਾ ਸਰੋਤ ਅਧਿਆਪਕਾਂ ਤੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕੀਤਾ ਜਾਵੇਗਾ।

ਝੋਨੇ ਦੀ ਖਰੀਦ ਨਿਰਵਿਘਨ ਜਾਰੀ : ਚੇਅਰਮੈਨ ਮਾਰਕੀਟ ਕਮੇਟੀ ਤਪਾ

ਤਪਾ ਮੰਡੀ (ਅਰੁਣ ਗੋਇਲ)-ਮਾਰਕੀਟ ਕਮੇਟੀ ਤਪਾ ਦੇ ਚੇਅਰਮੈਨ ਤਰਸੇਮ ਸਿੰਘ ਕਾਹਨੇਕੇ ਨੇ ਦੱਸਿਆ ਕਿ ਝੋਨੇ ਦੀ ਖਰੀਦ ਨਿਰਵਿਘਨ ਚੱਲ ਰਹੀ ਹੈ। ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਨੂੰ ਕਿਸ

8-Nov-PAGE-11--Majha-23.qxd 11/7/2023 10:35 PM Page 1

ਚੀਫ਼ ਖ਼ਾਲਸਾ ਦੀਵਾਨ ਦਾ ਸਪੋਰਟਸ ਟੂਰਨਾਮੈਂਟ 15 ਤੋਂ : ਨਿੱਜਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਡਾ. ਇੰਦਰਬੀਰ ਸਿੰਘ ਨਿੱਜਰ ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ ਐਜੂਕੇਸ਼ਨਲ ਕਮੇਟੀ ਵਲੋਂ ਆਯੋਜਿਤ ਵਿਸ਼ੇਸ਼ ਮੀਟਿੰਗ ਵਿੱਚ ਕਿਹਾ ਕਿ ਪਤਿਤਪੁਣੇ ਦੀ ਚਿੰਤਾਜਨਕ ਸਥਿਤੀ ਦੇ ਹੱਲ ਲਈ ਸਿੱਖ ਪਨੀਰੀ ਨੂੰ ਧਰਮ ਵਿਚ ਪਰਿਪੱਕ ਕਰਨਾ, ਸਿੱਖੀ ਸਰੂਪ ਅਤੇ ਸਿੱਖ ਸਿਧਾਂਤਾਂ ਦੀ ਮਰਿਆਦਾ ਬਾਬਤ ਜਾਣੂ ਕਰਵਾਉਣਾ ਸਮੇਂ ਦੀ ਮੁੱਖ ਲੋੜ ਹੈ। ਐਜੂਕੇਸ਼ਨਲ ਕਮੇਟੀ ਦੇ ਆਨਰੇਰੀ ਸਕੱਤਰ ਡਾ. ਸਰਬਜੀਤ ਸਿੰਘ ਛੀਨਾ ਨੇ ਮੀਟਿੰਗ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਐਜੂਕੇਸ਼ਨਲ ਕਮੇਟੀ ਵਲੋ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਜ਼ ਸਪੋਰਟਸ ਟੂਰਨਾਮੈਂਟ ਦੀ ਸ਼ੁਰੂਆਤ 15 ਨਵੰਬਰ 2023 ਨੂੰ ਦੀਵਾਨ ਦੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸਕੂਲ ਤੋਂ ਕੀਤੀ ਜਾ ਰਹੀ ਹੈ ਅਤੇ ਵੱਖ-ਵੱਖ ਸੀ. ਕੇ. ਡੀ. ਸਕੂਲਾਂ ਵਿਚ ਵੱਖ-ਵੱਖ 132 ਖੇਡਾਂ ਕਰਵਾਉਂਦਿਆਂ 30 ਨਵੰਬਰ 2023 ਨੂੰ ਤਰਨਤਾਰਨ ਦੇ ਸਕੂਲ ਵਿਖੇ ਸਮਾਪਤ ਕੀਤਾ ਜਾਵੇਗਾ। ਐਜੂਕੇਸ਼ਨਲ ਕਮੇਟੀ ਵਲੋਂ ਸੀ. ਕੇ. ਡੀ. ਸਕੂਲਾਂ ਲਈ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਧਰਮ ਪੋਥੀਆਂ ਨੂੰ ਰੀਵਿਊ ਕਰਕੇ ਨਵਾਂ ਸਿਲੇਬਸ ਤਿਆਰ ਕਰਨ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਡਾ. ਨਿੱਜਰ ਨੇ ਐਜੂਕੇਸ਼ਨਲ ਕਮੇਟੀ ਅਤੇ ਧਰਮ ਪ੍ਰਚਾਰ ਕਮੇਟੀ ਨੂੰ ਧਾਰਮਿਕ ਅਧਿਆਪਕਾਂ ਦੇ ਸਹਿਯੋਗ ਨਾਲ ਸਕੂਲਾਂ ਵਿਚ ਪੜ੍ਹਾਏ ਜਾਂਦੇ ਧਾਰਮਿਕ ਵਿਸ਼ੇ ਨੂੰ ਹੋਰ ਵੀ ਦਿਲਚਸਪ ਬਣਾਉਣ ਦੀ ਲੋੜ੍ਹ ਤੇ ਜ਼ੋਰ ਦਿੱਤਾ ਤਾਂ ਜੋ ਬੱਚੇ ਧਾਰਮਿਕ ਗਿਆਨ ਨੂੰ ਬਹੁਤ ਸਹਿਜਤਾ ਅਤੇ ਡੂੰਘਾਈ ਨਾਲ ਗਿਆਨ ਪ੍ਰਾਪਤ ਕਰ ਸਕਣ। ਦੀਵਾਨ ਦੇ ਸਥਾਨਕ ਪ੍ਰਧਾਨ ਅਤੇ ਐਜੂਕੇਸ਼ਨਲ ਕਮੇਟੀ ਦੇ ਐਡੀ.ਆਨਰੇਰੀ ਸਕੱਤਰ ਸ੍ਰ.ਸੰਤੋਖ ਸਿੰਘ ਸੇਠੀ ਨੇ ਚੀਫ਼ ਖ਼ਾਲਸਾ ਦੀਵਾਨ ਸਕੂਲਾਂ ਵਿਚ ਐਜੂਕੇਸ਼ਨਲ ਕਮੇਟੀ ਵਲੋਂ ਆਯੋਜਿਤ ਕੀਤੀਆਂ ਜਾ ਰਹੀਆਂ ਧਾਰਮਿਕ ਅਤੇ ਸਿੱਖ ਇਤਿਹਾਸ ਸਬੰਧੀ ਲਿਖਤੀ ਪ੍ਰੀਖਿਆਵਾਂ, ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਮੌਕੇ ਕਰਵਾਈ ਜਾਣ ਵਾਲੀ ਕੰਠ ਬਾਣੀ ਪ੍ਰੀਖਿਆ, ਪੰਜਾਬੀ ਸੁੰਦਰ ਲਿਖਾਈ ਮੁਕਾਬਲਿਆਂ ਦੀਆਂ ਆਯੋਜਨ ਪ੍ਰੀਕਿਰਿਆਵਾਂ ਬਾਬਤ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਮੀਟਿੰਗ ਦੌਰਾਨ ਚੀਫ਼ ਖ਼ਾਲਸਾ ਦੀਵਾਨ ਸਕੂਲਾਂ ਵਿਚ ਗੁਰਮੁੱਖੀ ਲਿਪੀ ਅਤੇ ਗਿਣਤੀ ਦੇ ਹਿੰਸਿਆਂ ਦਾ ਡਿਜ਼ਾਈਨਰ ਫਲੈਸ਼ ਬੋਰਡ ਲਗਾਉਣ, ਗੁਰਮੁੱਖੀ ਲਿਪੀ ਦੀ ਆਕਰਸ਼ਕ ਸੁੰਦਰ ਲਿਖਾਈ (ਕਰਸਿਵ ਰਾਈਟਿੰਗ) ਦਾ ਵਿਸ਼ਾ ਪਹਿਲੀ ਕਲਾਸ ਤੋਂ ਸ਼ੁਰੂ ਕਰਨ ਦਾ ਫੈਸਲਾ ਲਿਆ ਗਿਆ।

ਇਸ ਮੌਕੇ ਆਨਰੇਰੀ ਐਡੀ. ਸਕੱਤਰ ਜਸਪਾਲ ਸਿੰਘ ਢਿੱਲੋਂ, ਆਨਰੇਰੀ ਜੁਆਇੰਟ ਸਕੱਤਰ ਸੁਖਜਿੰਦਰ ਸਿੰਘ ਪ੍ਰਿੰਸ, ਐਜੂਕੇਸ਼ਨਲ ਕਮੇਟੀ ਦੇ ਆਨਰੇਰੀ ਸਕੱਤਰ ਡਾ. ਐੱਸ. ਐੱਸ. ਛੀਨਾ, ਪ੍ਰੋ. ਸੂਬਾ ਸਿੰਘ, ਬੀਬੀ ਕਿਰਨਜੋਤ ਕੌਰ, ਅਜਾਇਬ ਸਿੰਘ ਅਭਿਆਸੀ, ਜਸਪਾਲ ਸਿੰਘ (ਰਿਟਾ: ਪੀ. ਸੀ. ਐਸ), ਮਨਮੋਹਨ ਸਿੰਘ, ਜੋਗਿੰਦਰ ਸਿੰਘ ਅਰੋੜਾ, ਡਾਇਰੈਕਟਰ ਓਪਰੇਸ਼ਨ ਡਾ. ਏ. ਪੀ. ਐੱਸ. ਚਾਵਲਾ, ਜੁਆਇੰਟ ਡਾਇਰੈਕਟਰ ਸਪੋਰਟਸ ਦਪਿੰਦਰ ਸਿੰਘ ਅਤੇ ਸਟਾਫ ਹਾਜ਼ਰ ਸੀ।

ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦਾ ਧਰਨਾ ਤੀਜੇ ਦਿਨ 'ਚ ਦਾਖਲ

*** ਕਰਜ਼ਾ ਜਾਲ 'ਚ ਫਸੀਆਂ ਗਰੀਬ ਔਰਤਾਂ ਦੀ ਖਲਾਸੀ ਲਈ ਉਠਾਈ ਮੰਗ**

ਬਟਾਲਾ (ਤਰਲੋਕ ਬੱਗਾ)-ਮਜ਼ਦੂਰ ਮੁਕਤੀ ਮੋਰਚਾ ਪੰਜਾਬ ਵੱਲੋਂ ਪ੍ਰਾਈਵੇਟ ਕੰਪਨੀਆਂ ਦੇ ਕਰਜ਼ਾ ਜਾਲ ਵਿੱਚ ਫਸੀਆਂ ਪੇਂਡੂ ਤੇ ਸ਼ਹਿਰੀ ਗਰੀਬ ਔਰਤਾਂ ਸਿਰ ਚੜ੍ਹੇ ਕਰਜ਼ੇ ਦੀ ਮਾਫੀ ਅਤੇ ਮਨਰੇਗਾ ਕਾਨੂੰਨ ਤਹਿਤ ਹਰ ਇੱਕ ਲਈ ਰੁਜ਼ਗਾਰ ਦੀ ਗਰੰਟੀ ਲਈ ਐੱਸਡੀਐੱਮ ਦਫਤਰ ਬਟਾਲਾ ਅੱਗੇ ਪਿਛਲੇ ਦੋ ਦਿਨਾਂ ਤੋਂ ਪੱਕਾ ਮੋਰਚਾ ਚੱਲ ਰਿਹਾ ਹੈ। ਇਸ ਮੋਰਚੇ ਵਿਚ 10 ਨਵੰਬਰ ਨੂੰ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਸਮਾਓ ਵੀ ਪਹੁੰਚ ਰਹੇ ਹਨ। ਇਹ ਐਲਾਨ ਇਥੇ ਜਾਰੀ ਧਰਨੇ ਦੇ ਤੀਜੇ ਦਿਨ ਸੰਬੋਧਨ ਕਰਦੇ ਮਜ਼ਦੂਰ ਮੁਕਤੀ ਮੋਰਚਾ ਦੇ ਸੂਬਾਈ ਆਗੂ ਮਨਜੀਤ ਰਾਜ ਨੇ ਕੀਤਾ।

ਉਨ੍ਹਾਂ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਚੋਣਾਂ ਸਮੇਂ ਦਿੱਤੀਆਂ ਗਰੰਟੀਆਂ ਨੂੰ ਲਾਗੂ ਕਰਨ ਦੀ ਥਾਂ ਸਿਰਫ ਚੁਟਕਲਿਆਂ ਨਾਲ ਹੀ ਸਮਾਂ ਪੂਰਾ ਕਰਨਾ ਚਾਹੁੰਦੀ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਸਮਾਜ ਦੇ ਬੇਜ਼ਮੀਨੇ ਦਲਿਤਾਂ, ਗਰੀਬਾਂ ਦਾ ਕਰਜ਼ਿਆਂ ਵਿਚ ਵਾਲ-ਵਾਲ ਵਿੰਨ੍ਹਿਆ ਪਿਆ ਹੈ ਪਰ ਸਰਕਾਰਾਂ ਦਲਿਤਾਂ ਤੇ ਮਜ਼ਦੂਰਾਂ ਸਿਰ ਚੜ੍ਹੇ ਕਰਜ਼ੇ ਮੁਆਫ ਕਰਨ ਲਈ ਕੋਈ ਨੀਤੀ ਨਹੀਂ ਬਣਾ ਰਹੀਆਂ। ਉਨ੍ਹਾਂ ਕਿਹਾ ਕਿ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਕਰਜ਼ਾ ਮਾਫੀ ਅਤੇ ਰੁਜ਼ਗਾਰ ਪ੍ਰਾਪਤੀ ਲਈ ਪਿੰਡ ਪਿੰਡ ਜਾ ਕੇ ਲੋਕ ਲਾਮਬੰਦੀ ਕਰੇਗਾ।

ਮੱਧ ਪ੍ਰਦੇਸ਼ 'ਚ ਬੁੱਢਾ ਦਲ ਵੱਲੋਂ ਵੱਖ-ਵੱਖ ਸ਼ਹਿਰਾਂ 'ਚ ਗੁਰਮਤਿ ਸਮਾਗਮ ਹੋਣਗੇ: ਦਿਲਜੀਤ ਸਿੰਘ ਬੇਦੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਛੇਵੇਂ ਜਥੇਦਾਰ ਅਤੇ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਦੀ ਦੂਸਰੀ ਸ਼ਹੀਦੀ ਸ਼ਤਾਬਦੀ ਅਤੇ ਬੁੱਢਾ ਦਲ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਚੱਲ ਰਹੇ ਗੁਰਮਤਿ ਸਮਾਗਮਾਂ ਦੀ ਲੜੀ ਤਹਿਤ ਮੱਧ ਪ੍ਰਦੇਸ਼ ਪ੍ਰਾਂਤ ਵਿੱਚ ਵੱਖ-ਵੱਖ ਥਾਵਾਂ ਪੁਰ ਮਹਾਨ ਨਗਰ ਕੀਰਤਨ ਤੇ ਗੁਰਮਤਿ ਸਮਾਗਮ ਹੋਣਗੇ। ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਦਸਿਆ ਕਿ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਗੁਰੂ ਸਾਹਿਬਾਨ ਦੇ ਪੁਰਾਤਨ ਇਤਿਹਾਸਕ ਦੁਰਲੱਭ ਸ਼ਸਤਰਾਂ ਦੇ ਦਰਸ਼ਨ ਕਰਵਾਉਣ ਲਈ ਜਥੇਦਾਰ ਬਾਬਾ ਬਲਬੀਰ ਸਿੰਘ ਮੱਧ ਪ੍ਰਦੇਸ਼ ਨੂੰ ਜਾਣਗੇ। 17 ਨਵੰਬਰ ਨੂੰ ਨਾਗਪੁਰ ਹਵਾਈ ਅੱਡੇ ਤੇ ਨਾਗਪੁਰ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸੰਗਤਾਂ ਸ਼ਸਤਰਾਂ ਅਤੇ ਬੁੱਢਾ ਦਲ ਦੇ ਮੁਖੀ ਦਾ ਪੁਰਜ਼ੋਰ ਸਵਾਗਤ ਗਾਜਿਆਂ ਵਾਜਿਆਂ ਨਾਲ ਕਰਨਗੀਆਂ। ਏਅਰਪੋਰਟ ਤੋਂ ਫਤਿਹ ਮਾਰਚ ਨਗਰ ਕੀਰਤਨ ਦੇ ਰੂਪ ਵਿੱਚ ਸਾਰੀ ਸੰਗਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕਾਂਮਠੀ ਰੋਡ ਨਾਗਪੁਰ ਵਿਖੇ ਪੁਜੇਗੀ ਜਿੱਥੇ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਨੂੰ ਗੁਰੂ ਸਾਹਿਬਾਨ ਵੱਲੋਂ ਬਖਸ਼ਿਸ਼ ਹੋਏ ਪੁਰਾਤਨ ਇਤਿਹਾਸਕ ਦੁਰਲੱਭ ਸ਼ਸਤਰਾਂ ਦੇ ਇਤਿਹਾਸਕ ਪਰਿਪੇਖ ਤੋਂ ਸੰਗਤਾਂ ਨੂੰ ਜਾਣੂੰ ਕਰਵਾਉਣਗੇ। ਏਥੋਂ ਇਹ ਅਗਲੇ ਪੜਾਅ ਹਜ਼ੂਰ ਸਾਹਿਬ ਵਿਖੇ ਪੁਜੇਗਾ। ਉਨ੍ਹਾਂ ਦਸਿਆ ਕਿ ਸਿੰਘ ਸਾਹਿਬ ਜਥੇਦਾਰ ਗਿਆਨੀ ਕੁਲਵੰਤ ਸਿੰਘ ਜੀ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੇ ਪੰਜ ਪਿਆਰੇ ਸਾਹਿਬਾਨ, ਗੁ: ਸੱਚਖੰਡ ਬੋਰਡ ਤੇ ਸ. ਇੰਦਰਪਾਲ ਸਿੰਘ ਫੌਜੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਬੁੱਢਾ ਦਲ ਦਾ ਸਾਜਨਾ ਦਿਵਸ ਅਤੇ ਸਿੰਘ ਸਾਹਿਬ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ ਦੂਜੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਚੱਲ ਰਹੇ ਗੁਰਮਤਿ ਸਮਾਗਮਾਂ ਦੀ ਲੜੀ ਤਹਿਤ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨੰਦੇੜ ਵਿਖੇ 18 ਨਵੰਬਰ ਨੂੰ ਅਖੰਡ ਪਾਠ ਅਰੰਭ ਹੋਣਗੇ। ਜਿਸ ਦੇ ਭੋਗ 20 ਨਵੰਬਰ ਨੂੰ ਸਵੇਰੇ 8 ਵਜੇ ਪੈਣਗੇ। ਰਾਤ ਨੂੰ 8:30 ਵਜੇ ਤੋਂ 12 ਵਜੇ ਤੀਕ ਮਹਾਨ ਕੀਰਤਨ ਦਰਬਾਰ ਹੋਵੇਗਾ। ਰਾਤ ਨੂੰ 8:30 ਵਜੇ ਤੋਂ 12 ਵਜੇ ਮਹਾਨ ਕੀਰਤਨ ਦਰਬਾਰ ਹੋਵੇਗਾ ਅਤੇ ਇਤਿਹਾਸਕ ਸ਼ਸਤਰਾਂ ਦੇ ਦਰਸ਼ਨ ਕਰਵਾਏ ਜਾਣਗੇ। 21 ਨਵੰਬਰ ਨੂੰ ਸਵੇਰੇ 7 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਇਤਿਹਾਸਕ ਨਿਸ਼ਾਨ ਨਗਾਰਿਆਂ ਦੀ ਤਾਬਿਆਂ ਗੁਰੂ ਦੀਆਂ ਲਾਡਲੀਆਂ ਨਿਹੰਗ ਸਿੰਘ ਫੌਜਾਂ, ਗੁਰਦੁਆਰਾ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੋਂ ਗੁਰਦੁਆਰਾ ਲੰਗਰ ਸਾਹਿਬ, ਗੁਰਦੁਆਰਾ ਨਗੀਨਾ ਘਾਟ ਤੀਕ ਜਾਵੇਗਾ ਉਪਰੰਤ ਮੋਟਰ ਸਾਇਕਲਾਂ ਕਾਰਾਂ ਬੱਸਾਂ ਰਾਹੀਂ ਇਹ ਮਾਰਚ ਦੇਗਲੂਰ ਰਾਹੀਂ ਗੁਰਦੁਆਰਾ ਨਾਨਕ ਝੀਰਾ ਸਾਹਿਬ ਬਿਦਰ ਵਿਖੇ ਪੁਜੇਗਾ।

22 ਨਵੰਬਰ ਨੂੰ ਸਵੇਰੇ 8 ਵਜੇ ਏਥੋਂ ਚੱਲ ਕੇ ਪੁਰਾਤਨ ਗੁ: ਸਾਹਿਬ ਆਸ਼ਾ ਸਿੰਘ ਬਾਗ਼ ਸ਼ਹੀਦ ਸਿੰਘਾਂ, ਗੁ: ਸ਼ਹੀਦ ਬਾਬਾ ਅਲਬੇਲ ਸਿੰਘ ਸਿੱਖ ਛਾਉਣੀ, ਗੁ: ਚਾਰਮਹਿਲ ਸਾਹਿਬ, ਗੁ: ਅਫਜਗੰਜ ਸਾਹਿਬ, ਸੈਂਟਰਲ ਗੁ: ਸਾਹਿਬ ਗਾਵਲੀਗੁੜਾ, ਗੁ: ਅਮੀਰਪੇਟ ਸਾਹਿਬ ਤੋਂ ਸਿੰਕਦਰਾਬਾਦ ਵਿਖੇ ਸਮਾਪਤ ਹੋਵੇਗਾ। ਪੜਾਅ ਵਾਲੇ ਸਾਰੇ ਅਸਥਾਨਾਂ ਦੇ ਗੁ: ਸਾਹਿਬ ਵਿਖੇ ਸ਼ਸਤਰਾਂ ਦੇ ਦਰਸ਼ਨ ਕਰਵਾਏ ਜਾਣਗੇ।

ਨਿੱਤ ਦਿਨ ਵਾਪਰਦੇ ਹਾਦਸਿਆਂ ਨੂੰ ਪ੍ਰਸ਼ਾਸਨ ਗੰਭੀਰਤਾ ਨਾਲ ਲਵੇ : ਐੱਲਖ

ਗੁਰਦਾਸਪੁਰ, (ਦਿਨੇਸ਼ ਕੁਮਾਰ)-ਪੰਜਾਬ ਵਿੱਚ ਨਿੱਤ ਦਿਨ ਵਾਪਰ ਰਹੇ ਸੜਕ ਹਾਦਸਿਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਜਿਸ ਕਾਰਨ ਲੋਕ ਕੀਮਤੀ ਜਾਨਾਂ ਗੁਆ ਰਹੇ ਹਨ। ਸੜਕ ਹਾਦਸਿਆਂ ਦੀ ਇਹ ਲੜੀ ਬਹੁਤ ਹੀ ਦੁਖਦਾਈ ਹੈ। ਪੰਜਾਬ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਨੂੰ ਇਸ ਨੂੰ ਗੰਭੀਰਤਾ ਨਾਲ ਲੈਣ ਦੀ ਅਹਿਮ ਲੋੜ ਹੈ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਪ੍ਰਸਿੱਧ ਸਮਾਜ ਸੇਵੀ ਅਤੇ ਏਕਨੂਰ ਸੰਸਥਾ ਦੇ ਡਾਇਰੈਕਟਰ ਗੁਰਬੇਜ ਸਿੰਘ ਐੱਲਖ, ਐਡਵੋਕੇਟ ਅਜੇ ਪਾਲ ਸਿੰਘ ਰਿਹਾਨ, ਸਰਵਜੋਤ ਸਿੰਘ ਯੂਐੱਸਏ., ਕਮਲਜੀਤ ਸਿੰਘ ਕਮਲ, ਗੁਰਪ੍ਰੀਤ ਸਿੰਘ ਸੋਨੂੰ ਨੇ ਕੀਤਾ। ਉਕਤ ਸਮਾਜ ਸੇਵੀਆਂ ਨੇ ਕਿਹਾ ਕਿ ਪੰਜਾਬ 'ਚ ਹਰ ਰੋਜ਼ ਵਾਹਨਾਂ ਦੀ ਗਿਣਤੀ ਵੱਧ ਰਹੀ ਹੈ ਜਦਕਿ ਸੜਕਾਂ ਦੀ ਚੌੜਾਈ ਬਹੁਤ ਘੱਟ ਹੈ। ਸਰਕਾਰ ਵਾਹਨਾਂ ਲਈ ਸਪੀਡ ਸੀਮਾ ਨਿਰਧਾਰਤ ਨਹੀਂ ਕਰਦੀ ਹੈ। ਦੂਜੇ ਪਾਸੇ ਟ੍ਰੈਫਿਕ ਨਿਯਮਾਂ ਨੂੰ ਸਖਤੀ ਨਾਲ ਲਾਗੂ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸ਼ਹਿਰਾਂ ਦੀਆਂ ਮੁੱਖ ਸੜਕਾਂ 'ਤੇ ਸੀਸੀਟੀਵੀ ਕੈਮਰੇ ਅਤੇ ਟ੍ਰੈਫਿਕ ਲਾਈਟਾਂ ਲਗਾਈਆਂ ਜਾਣ ਅਤੇ ਸਰਦੀ ਦੇ ਮੌਸਮ ਨੂੰ ਮੁੱਖ ਰੱਖਦੇ ਹੋਏ ਟ੍ਰੈਫਿਕ ਨਿਯਮਾਂ ਨੂੰ ਸਖਤੀ ਨਾਲ ਲਾਗੂ ਕੀਤਾ ਜਾਵੇ।

ਕਾਮਰੇਡ ਰਣਜੀਤ ਸਿੰਘ ਬਿੰਝੋਕੀ ਦੇ ਵਿਛੋੜੇ 'ਤੇ ਦੁੱਖ ਦਾ ਪ੍ਰਗਟਾਵਾ

ਤਰਨ ਤਾਰਨ (ਨਜ਼ਸ)-ਬਿਜਲੀ ਕਾਮਿਆਂ ਦੀ ਏਟਕ ਜਥੇਬੰਦੀ ਦੇ ਸਾਬਕਾ ਸੂਬਾ ਮੀਤ ਪ੍ਰਧਾਨ ਅਤੇ ਕੁੱਲ ਹਿੰਦ ਬਿਜਲੀ ਫੈਡਰੇਸ਼ਨ ਦੇ ਆਗੂ ਪਿੰਡ ਬਿੰਝੋਕੀ ਕਲਾਂ ਦੇ ਮੌਜੂਦਾ ਸਰਪੰਚ ਕਾਮਰੇਡ ਰਣਜੀਤ ਸਿੰਘ ਬਿੰਝੋਕੀ ਦੀ ਅਚਾਨਕ ਹੋਈ ਬੇਵਕਤੀ ਮੌਤ 'ਤੇ ਜਥੇਬੰਦੀ ਦੀ ਸੂਬਾ ਕਮੇਟੀ ਨੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ। ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਜਨਰਲ ਸਕੱਤਰ ਸੁਰਿੰਦਰਪਾਲ ਸਿੰਘ ਲਹੌਰੀਆ ਨੇ ਕਿਹਾ ਕਿ ਕਾਮਰੇਡ ਰਣਜੀਤ ਸਿੰਘ ਬਿੰਝੋਕੀ ਸਾਫ ਅਕਸ ਵਾਲੇ ਜੁਝਾਰੂ ਆਗੂ ਸਨ ਜਿਨ੍ਹਾਂ ਨੇ ਬਿਜਲੀ ਬੋਰਡ ਵਿੱਚ ਸੇਵਾ ਕਰਦੇ ਹੋਏ ਬਿਜਲੀ ਕਾਮਿਆਂ ਦੇ ਹਿੱਤਾਂ ਲਈ ਪੂਰੀ ਸੇਵਾ ਦੌਰਾਨ ਅਣਗਿਣਤ ਘੋਲ ਲੜੇ ਅਤੇ ਜਿੱਤਾਂ ਦਰਜ ਕੀਤੀਆਂ ਅਤੇ ਸੇਵਾਮੁਕਤ ਹੋ ਕੇ ਆਪਣੇ ਪਿੰਡ ਦੇ ਸਰਬਸੰਮਤੀ ਨਾਲ ਸਰਪੰਚ ਬਣ ਕੇ ਵੀ ਨਵੀਆਂ ਪੈੜਾਂ ਪਾਈਆਂ ਸਨ। ਜਥੇਬੰਦੀ ਮਹਿਸੂਸ ਕਰਦੀ ਹੈ ਕਿ ਦੱਬੇ ਕੁਚਲੇ ਲੋਕਾਂ ਦੇ ਹਮਦਰਦ ਸਿਰੜੀ ਆਗੂ ਦੇ ਵਿਛੋੜੇ ਨਾਲ ਜਿੱਥੇ ਮਿਹਨਤਕਸ਼ ਜਮਾਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਉਥੇ ਪਰਿਵਾਰ ਲਈ ਵੀ ਗਹਿਰਾ ਸਦਮਾ ਪਹੁੰਚਿਆ ਹੈ। ਜਥੇਬੰਦੀ ਨੇ ਨਿਧੜਕ ਆਗੂ ਨੂੰ ਯਾਦ ਕਰਦੇ ਹੋਏ ਸਮੁੱਚੇ ਪੰਜਾਬ ਦੀ ਲੀਡਰਸ਼ਿਪ ਨੂੰ ਕਾਮਰੇਡ ਰਣਜੀਤ ਸਿੰਘ ਬਿੰਝੋਕੀ ਦੇ 10 ਨਵੰਬਰ ਨੂੰ ਪਿੰਡ ਬਿੰਝੋਕੀ ਕਲਾਂ (ਮਲੇਰਕੋਟਲਾ) ਵਿਖੇ ਹੋ ਰਹੇ ਸ਼ਰਧਾਂਜਲੀ ਸਮਾਗਮ ਵਿੱਚ ਪਹੁੰਚਣ ਦਾ ਸੱਦਾ ਦਿੱਤਾ ਹੈ।

ਗਵਿੰਦਰ ਸਿੰਘ ਬ੍ਰਹਮਪੁਰਾ ਵੱਲੋਂ ਸ਼ਰਧਾ ਦੇ ਫੁੱਲ ਭੇਟ

ਮੀਆਂਵਿੰਡ (ਰਵੀ ਖਹਿਰਾ)-ਸੀਨੀਅਰ ਟਕਸਾਲੀ ਆਗੂ ਅਤੇ ਸਵ. ਸਰਪੰਚ ਦਰਸ਼ਨ ਸਿੰਘ ਕੱਲਾ ਦੀ ਧਰਮ ਸੁਪਤਨੀ ਬੀਬੀ ਨਰਿੰਦਰ ਕੌਰ ਸਾਬਕਾ ਚੇਅਰਮੈਨ ਬਲਾਕ ਸੰਮਤੀ ਜੋ ਅਕਾਲ ਚਲਾਣਾ ਕਰ ਗਏ ਸਨ, ਦੀ ਅੰਤਿਮ ਅਰਦਾਸ ਮੌਕੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਪਿੰਡ ਕੱਲ੍ਹਾ ਵਿਖੇ ਪੁੱਜੇ ਅਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਕਿਹਾ ਕਿ ਸਰਪੰਚ ਦਰਸ਼ਨ ਸਿੰਘ ਕੱਲਾ ਅਤੇ ਸਮੂਹ ਪਰਿਵਾਰ ਨੇ ਹਮੇਸ਼ਾ ਹੀ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦਿੱਤਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹਰ ਹੁਕਮ ਦੀ ਪਾਲਣਾ ਕੀਤ

8-Nov-PAGE-12.qxd 11/7/2023 10:33 PM Page 1

'ਨਵਾਂ ਜ਼ਮਾਨਾ' ਦੇ ਪ੍ਰਬੰਧਕੀ ਵਿਭਾਗ 'ਚ ਬਤੌਰ 28 ਸਾਲ ਅਕਾਊਂਟੈਂਟ ਦੀ ਸੇਵਾ ਨਿਭਾ ਰਹੇ ਸੁਰਜੀਤ ਕੌਰ ਦੀ ਰਿਟਾਇਰਮੈਂਟ ਮੌਕੇ ਸੰਖੇਪ ਪਰ ਪ੍ਰਭਾਵਸ਼ਾਲੀ ਪ੍ਰੋਗਰਾਮ ਕਰਵਾਇਆ ਗਿਆ, ਜਿਸ 'ਚ ਉਨ੍ਹਾ ਵੱਲੋਂ 'ਨਵਾਂ ਜ਼ਮਾਨਾ' ਨੂੰ ਦਿੱਤੀਆਂ ਸ਼ਾਨਦਾਰ ਸੇਵਾਵਾਂ ਦਾ ਸੰਪਾਦਕ ਚੰਦ ਫਤਿਹਪੁਰੀ ਅਤੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਸਕੱਤਰ ਗੁਰਮੀਤ ਸਿੰਘ ਸ਼ੁਗਲੀ ਹੁਰਾਂ ਵਿਸਥਾਰਪੂਰਵਕ ਦੱਸਿਆ। ਇਸ ਮੌਕੇ ਸੁਰਜੀਤ ਕੌਰ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਦੌਰਾਨ 'ਨਵਾਂ ਜ਼ਮਾਨਾ' ਦਾ ਸਮੂਹ ਸਟਾਫ਼ ਵੀ ਹਾਜ਼ਰ ਰਿਹਾ।

ਸ਼ਰਧਾਂਜਲੀ ਸਮਾਗਮ 'ਤੇ ਵਿਸ਼ੇਸ਼

ਪੂਰੀ ਜ਼ਿੰਦਗੀ ਲੋਕ ਸੰਘਰਸ਼ਾਂ 'ਚ ਸਰਗਰਮ ਰਿਹਾ ਕਾਮਰੇਡ ਸਤਨਾਮ ਚੰਦ ਬਾਜੇਕੇ

ਕਾਮਰੇਡ ਸਤਨਾਮ ਚੰਦ ਬਾਜੇਕੇ ਦਾ ਜਨਮ 1940 ਵਿੱਚ ਪਾਕਿਸਤਾਨ ਵਿਚ ਲਹਿੰਦੇ ਪੰਜਾਬ ਦੇ ਜ਼ਿਲ੍ਹਾ ਮਿੰਟਗੁਮਰੀ ਦੇ ਚੱਕ ਨੰਬਰ 45 ਖੋਤੀਪੁਰ ਵਿੱਚ ਇੱਕ ਕਿਸਾਨ ਪਰਵਾਰ ਵਿੱਚ ਪਿਤਾ ਗਹਿਣਾ ਰਾਮ ਦੇ ਘਰ ਮਾਤਾ ਵੱਸਾਂ ਬਾਈ ਦੀ ਕੁੱਖੋਂ ਹੋਇਆ। ਇਹ 5 ਭਰਾ ਅਤੇ ਦੋ ਭੈਣਾਂ ਸਨ। ਸਤਨਾਮ ਚੰਦ 5ਵੇਂ ਨੰਬਰ 'ਤੇ ਸੀ। 1947 ਵਿੱਚ ਦੇਸ਼ ਦੀ ਵੰਡ ਮੌਕੇ ਇਹਨਾ ਦਾ ਸਮੁੱਚਾ ਪਰਵਾਰ ਪਾਕਿਸਤਾਨ ਤੋਂ ਹਿਜਰਤ ਕਰਕੇ ਅਜੋਕੇ ਪੰਜਾਬ ਦੇ ਅਬੋਹਰ ਨੇੜੇ ਬੱਲੂਆਣਾ ਆ ਗਿਆ। ਉਹ ਆਪ ਦੱਸਦੇ ਸਨ ਕਿ ਵੰਡ ਵੇਲੇ ਮੈਂ 7 ਸਾਲ ਦਾ ਸੀ ਅਤੇ ਮੈਨੂੰ ਵੰਡ ਦੇ ਕੁਝ ਕੁਝ ਦ੍ਰਿਸ਼ ਯਾਦ ਹਨ। ਵਿੱਦਿਅਕ ਯੋਗਤਾ ਲਈ ਉਹ ਕਦੇ ਸਕੂਲ ਨਹੀਂ ਗਏ, ਪਰ ਪਿੰਡ ਦੇ ਗੁਰਦੁਆਰੇ ਵਿਖੇ ਅੱਖਰ ਗਿਆਨ ਲਈ ਜਾਂਦੇ ਰਹੇ ਅਤੇ ਓਸੇ ਅੱਖਰ ਗਿਆਨ ਦੀ ਬਦੌਲਤ ਹੀ ਕਾਮਰੇਡ ਜੀ ਨੇ ਸਮਾਜਕ ਗਿਆਨ ਅਤੇ ਸਰਮਾਏਦਾਰੀ ਦੇ ਲੁੱਟ ਦੇ ਗਿਆਨ ਦੀਆ ਬਾਰੀਕੀਆਂ ਨੂੰ ਸਮਝਣ ਦੇ ਸਮਰਥ ਹੋ ਕੇ ਪੂਰਾ ਜੀਵਨ ਲੋਕਾਈ ਦੀ ਲੁੱਟ ਵਿਰੁੱਧ ਸੰਘਰਸ਼ਾਂ ਦੇ ਲੇਖੇ ਲਾਇਆ। ਪਰਵਾਰ ਬੱਲੂਆਣਾ ਵਿੱਚ 7 ਸਾਲ ਰਹਿਣ ਤੋਂ ਬਾਅਦ ਫਿਰੋਜ਼ਪੁਰ ਦੇ ਹਲਕਾ ਗੁਰੂ ਹਰਸਹਾਏ ਦੇ ਪਿੰਡ ਬਾਜੇਕੇ ਆ ਕੇ ਵਸ ਗਿਆ। ਉਹਨਾ ਇਸ ਪਿੰਡ ਅਤੇ ਇਲਾਕੇ ਨੂੰ ਆਪਣੀ ਕਰਮ ਭੂਮੀ ਬਣਾ ਲਿਆ।

ਪਰਵਾਰ ਵੱਲੋਂ 1958-59 ਦੇ ਲਗਪਗ ਕਾਮਰੇਡ ਸਤਨਾਮ ਚੰਦ ਦਾ ਵਿਆਹ ਬੱਲੂਆਣਾ ਦੇ ਦੁਨੀ ਚੰਦ ਦੀ ਲੜਕੀ ਰਾਮ ਪਿਆਰੀ ਨਾਲ ਕਰ ਦਿੱਤਾ। ਗ੍ਰਹਿਸਥੀ ਜੀਵਨ ਦੌਰਾਨ ਕਾਮਰੇਡ ਸਤਨਾਮ ਚੰਦ ਦੇ ਘਰ 3 ਲੜਕਿਆਂ ਅਨੇਕ ਰਾਜ, ਅਜੀਤ ਕੁਮਾਰ ਅਤੇ ਵੇਦ ਪ੍ਰਕਾਸ਼ ਅਤੇ ਇਕ ਲੜਕੀ ਨਿਰਮਲਾ ਰਾਣੀ ਨੇ ਜਨਮ ਲਿਆ। ਪਾਕਿਸਤਾਨ ਤੋਂ ਹਿਜਰਤ ਕਰਕੇ ਪੰਜਾਬ ਆਉਣ ਵੇਲੇ ਪਰਵਾਰ ਕੋਲ ਗੁਜ਼ਾਰੇ ਲਈ ਸਿਰਫ ਦੋ-ਢਾਈ ਏਕੜ ਹੀ ਜ਼ਮੀਨ ਸੀ, ਜਿਸ ਨਾਲ ਏਨੇ ਵੱਡੇ ਪਰਵਾਰ ਦਾ ਗੁਜ਼ਾਰਾ ਚੱਲਣਾ ਬਹੁਤ ਮੁਸ਼ਕਲ ਸੀ। ਕਾਮਰੇਡ ਸਤਨਾਮ ਚੰਦ ਨੇ ਇਹਨਾਂ ਹਾਲਤਾਂ ਵਿੱਚ ਪਹਿਲਾਂ ਭੇਡਾਂ, ਬੱਕਰੀਆਂ ਚਾਰਨ ਦਾ ਕੰਮ ਕੀਤਾ, ਦੁੱਧ ਵੇਚਣ ਦਾ ਕਾਰੋਬਾਰ ਕੀਤਾ , ਕਰਿਆਨੇ ਦੀ ਦੁਕਾਨ ਵੀ ਚਲਾਈ ਅਤੇ ਫਿਰ ਆਟਾ ਚੱਕੀ ਲਗਾਈ। ਉਹਨਾਂ ਦਿਨਾਂ ਵਿੱਚ ਕਾਮਰੇਡ ਵਧਾਵਾ ਰਾਮ ਦੀ ਅਗਵਾਈ ਹੇਠ ਫਾਜ਼ਿਲਕਾ, ਜਲਾਲਾਬਾਦ ਅਤੇ ਗੁਰੂ ਹਰਸਹਾਏ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਲੋਕਾਂ ਲਈ ਸੰਘਰਸ਼ ਕਰ ਰਹੀ ਸੀ ਅਤੇ ਇਲਾਕੇ ਵਿਚ ਕਾਮਰੇਡਾਂ ਦਾ ਚੰਗਾ ਬੋਲਬਾਲਾ ਸੀ। ਫਾਜ਼ਿਲਕਾ ਦੇ ਇਲਾਕੇ ਵਿਚ ਬੇਦੀ ਮੋਰਚਾ ਚੱਲ ਰਿਹਾ ਸੀ। ਸਤਨਾਮ ਚੰਦ ਕਾਮਰੇਡਾਂ ਦੀਆਂ ਤਕਰੀਰਾਂ ਸੁਣਦਾ ਅਤੇ ਤਕਰੀਰਾਂ ਵਿੱਚ ਪਾਈਆਂ ਬਾਤਾਂ ਸਤਨਾਮ ਚੰਦ ਨੂੰ ਉਹਦੇ ਘਰ ਦੇ ਹਾਲਾਤ ਬਿਆਨ ਕਰਦੀਆਂ ਲਗਦੀਆਂ, ਜਿਹਨਾਂ ਨੇ ਮਨ ਨੂੰ ਏਧਰ ਮੁੜਨ ਲਈ ਤਿਆਰ ਕੀਤਾ। ਇਹਨਾ ਦੇ ਗੁਆਂਢੀ ਪਿੰਡ ਬਹਾਦਰਕੇ ਦਾ ਸੁਤੰਤਰਤਾ ਸੰਗਰਾਮੀ ਕਾਮਰੇਡ ਰਾਮ ਚੰਦ ਬਹਾਦਰਕੇ ਕਾਮਰੇਡ ਵਧਾਵਾ ਰਾਮ ਦੀ ਆਗੂ ਟੀਮ ਦੇ ਸਾਥੀਆਂ ਵਿੱਚੋਂ ਇੱਕ ਸੀ। ਸਤਨਾਮ ਚੰਦ ਨੇ ਕਾਮਰੇਡ ਰਾਮ ਚੰਦ ਨਾਲ ਨੇੜਤਾ ਵਧਾਈ ਅਤੇ 1972 ਵਿੱਚ ਉਹਨਾ ਦੀ ਪ੍ਰੇਰਨਾ ਸਦਕਾ ਭਾਰਤੀ ਕਮਿਊਨਿਸਟ ਪਾਰਟੀ ਦੇ ਮੈਂਬਰ ਬਣੇ। ਉਹ ਆਪ ਦੱਸਦੇ ਸਨ ਕਿ ਮੈਂ 1972 ਤੋਂ ਪਾਰਟੀ ਮੈਂਬਰ ਰਿਹਾਂ। ਇਹਨਾ ਦੇ ਭਰਾ ਸ਼ਾਮ ਚੰਦ ਦਾ ਕਹਿਣਾ ਹੈ ਕਿ ਸਾਂਝੇ ਪਰਵਾਰ ਦੀ ਆਰਥਿਕਤਾ ਠੀਕ ਨਹੀਂ ਸੀ, ਪਰ ਮੇਰਾ ਭਰਾ ਸਤਨਾਮ ਚੰਦ ਪਾਰਟੀ ਵਿਚ ਪੂਰਾ ਸਰਗਰਮ ਰਿਹਾ ਅਤੇ ਮੈਂ ਖੇਤੀਬਾੜੀ ਸਾਂਭੀ ਅਤੇ ਪੂਰੇ ਪਰਵਾਰ ਦਾ ਗੁਜ਼ਾਰਾ ਚਲਾਇਆ ਅਤੇ ਕਦੇ ਕੋਈ ਭੇਦਭਾਵ ਨਹੀਂ ਰੱਖਿਆ। ਕਾਮਰੇਡ ਸਤਨਾਮ ਚੰਦ ਨੂੰ ਪਾਰਟੀ ਵਿੱਚ ਸਰਗਰਮੀ ਨਾਲ ਕੰਮ ਕਰਨ ਲਈ ਉਹਨਾ ਦੇ ਭਰਾ ਸ਼ਾਮ ਚੰਦ ਦੇ ਨਾਲ-ਨਾਲ ਉਹਨਾ ਦੀ ਜੀਵਨ ਸਾਥਣ ਰਾਮ ਪਿਆਰੀ ਦਾ ਬਹੁਤ ਵੱਡਾ ਯੋਗਦਾਨ ਹੈ। ਪੂਰੇ ਜੀਵਨ ਵਿਚ ਪਾਰਟੀ ਅਤੇ ਲੋਕਾਂ ਲਈ ਅਗਵਾਈ ਕਰਦਿਆਂ ਕਾਮਰੇਡ ਸਤਨਾਮ ਚੰਦ ਜੇਲ੍ਹ ਵੀ ਗਏ ਅਤੇ ਅਨੇਕਾਂ ਔਕੜਾਂ ਦਾ ਸਾਹਮਣਾ ਵੀ ਕਰਨਾ ਪਿਆ, ਪਰ ਕਦੇ ਵੀ ਪਾਰਟੀ ਪ੍ਰਤੀ ਵਫਾਦਾਰੀ ਨੂੰ ਡੋਲਣ ਨਹੀਂ ਦਿੱਤਾ ਅਤੇ ਆਖਰੀ ਸਾਹਾਂ ਤੱਕ ਪਾਰਟੀ ਲਈ ਜੀਵੇ। ਉਹਨਾ ਦੀ ਇੱਛਾ ਸੀ ਕਿ ਮੇਰੀ ਮੌਤ ਤੋਂ ਬਾਅਦ ਮੇਰੀਆਂ ਅਸਥੀਆਂ ਹੁਸੈਨੀਵਾਲਾ ਵਿਖੇ ਜਲ ਪ੍ਰਵਾਹ ਕਰਨਾ। ਪਰਵਾਰ ਅਤੇ ਉਹਨਾ ਦੇ ਸਾਥੀਆਂ ਨੇ ਇਹ ਇੱਛਾ ਪੂਰੀ ਕੀਤੀ ਹੈ। ਕਾਮਰੇਡ ਸਤਨਾਮ ਚੰਦ ਬਾਜੇਕੇ ਨੇ ਜਿਥੇ ਪਾਰਟੀ ਲਈ ਆਪਣਾ ਪੂਰਾ ਜੀਵਨ ਅਰਪਣ ਕੀਤਾ ਹੋਇਆ ਸੀ, ਉਥੇ ਉਹਨਾ ਆਪਣੇ ਬੱਚਿਆਂ ਨੂੰ ਵੀ ਇਕ ਚੰਗੇ ਸਮਾਜਕ ਮਨੁੱਖ ਬਣਨ ਦੀ ਸਿੱਖਿਆ ਦਿੱਤੀ, ਜਿਸ 'ਤੇ ਚਲਦਿਆਂ ਉਹਨਾਂ ਦੇ ਸਮੁੱਚੇ ਪਰਵਾਰ ਦਾ ਸਮਾਜ ਵਿਚ ਇਕ ਵੱਖਰਾ ਸਥਾਨ ਅਤੇ ਨਾਂਅ ਹੈ। ਅੱਜ ਕਾਮਰੇਡ ਸਤਨਾਮ ਚੰਦ ਬਾਜੇਕੇ ਸਾਡੇ ਵਿਚਕਾਰ ਨਹੀਂ ਰਹੇ, ਪਰ ਉਹਨਾ ਵਲੋਂ ਲੋਕਾਈ ਲੇਖੇ ਲਾਇਆ ਉਹਨਾ ਦਾ ਕੀਮਤੀ ਜੀਵਨ ਹਮੇਸ਼ਾ ਯਾਦ ਰੱਖਿਆ ਜਾਵੇਗਾ।

—**ਚਰਨਜੀਤ ਸਿੰਘ ਛਾਂਗਾ ਰਾਏ**, ਸੰਪਰਕ 98559-17776

ਮਾਨਯਾ ਧੀਮਾਨ ਦਾ ਸਨਮਾਨ

ਚੰਡੀਗੜ੍ਹ (ਕ੍ਰਿਸ਼ਨ ਗਰਗ)- ਵਿਗਿਆਨ ਭਾਰਤੀ ਹਰਿਆਣਾ ਨੇ ਰਾਸ਼ਟਰੀ ਪ੍ਰੌਧਿਗਿਕੀ ਸੰਸਥਾਨ ਦੇ ਸਹਿਯੋਗ ਨਾਲ ਡਾ. ਸ਼ਾਤੀ ਸਵਰੂਪ ਭਟਨਾਗਰ ਦੀ ਜਯੰਤੀ ਤੇ ਪੋਸਟਰ ਮੇਕਿੰਗ ਪ੍ਰਤਿਯੋਗਿਤਾ ਦਾ ਆਯੋਜਨ ਕਰਵਾਇਆ । ਇਸ ਵਿੱਚ ਮੁੱਖ ਮਹਿਮਾਨ ਹਰਿਆਣਾ ਦੇ ਗਵਰਨਰ ਬੰਡਾਰੂ ਦੱਤਾਤ੍ਰੇਅ ਸਨ। ਐਸ.ਏ.ਐਸ.ਜ਼ੈਨ ਸੀਨੀਅਰ ਮਾਡਲ ਸਕੂਲ ਅੰਬਾਲਾ ਸ਼ਹਿਰ ਦੀ ਮਾਨਯਾ ਧੀਮਾਨ ਨੇ ਅਬਦੁਲ ਕਲਾਮ ਦਾ ਪੋਸਟਰ ਬਣਾ ਕੇ, ਇਸ ਪ੍ਰਤਿਯੋਗਿਤਾ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਹਰਿਆਣਾ ਦੇ ਰਾਜਪਾਲ ਅਤੇ ਪ੍ਰਿਸੀਪਲ ਡਾ. ਰੇਨੂੰ ਗਹਿਲਾਵਤ ਵਲੋਂ ਨਗਦ 2100/- ਦੇ ਕੇ ਮਾਨਯਾ ਧੀਮਾਨ ਨੂੰ ਸਨਮਾਨਿਆ ਗਿਆ।

ਸਟੇਟ ਬੈਂਕ ਆਫ ਇੰਡੀਆ ਨੇ ਵਿਸ਼ੇਸ਼ ਗਾਹਕਾਂ ਦਾ ਕੀਤਾ ਸਨਮਾਨ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਸਟੇਟ ਬੈਂਕ ਆਫ ਇੰਡੀਆ ਮਾਲ ਰੋਡ ਹੁਸ਼ਿਆਰਪੁਰ ਵੱਲੋਂ ਦੀਵਾਲੀ ਦਾ ਤਿਓਹਾਰ ਮਨਾਉਂਦੇ ਹੋਏ, ਆਪਣੇ ਵਿਸ਼ੇਸ਼ ਗਾਹਕਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਰੋਹ ਦੌਰਾਨ ਚੀਫ ਮੈਨੇਜਰ ਨਵਦੀਪ ਸਿੰਘ, ਮੈਨੇਜਰ ਦਪਿੰਦਰ ਕੌਰ, ਡਿਪਟੀ ਮੈਨੇਜਰ ਬਿਪਿਨ ਰਾਣੀ ਜਸਵਾਲ, ਅਸ਼ੋਕ ਕੁਮਾਰ, ਸੁਖਜਿੰਦਰ ਕੁਮਾਰ ਰਣਜੀਤ ਸਿੰਘ, ਮੰਗਤ ਰਾਮ, ਮੈਡਮ ਪਲਵੀ, ਨਾਰੀਕਾ ਸ਼ਰਮਾਂ ਵਲੋਂ ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ, ਸ੍ਰ ਸੁਖਜਿੰਦਰ ਸਿੰਘ ਸੈਣੀ , ਲਾਇਨ ਡਾਕਟਰ ਤੇਜਬੀਰ ਸਿੰਘ ਧਾਲੀਵਾਲ ਅਤੇ ਹੋਰਨਾਂ ਨੂੰ ਸਨਮਾਨ ਚਿੰਨ੍ਹ ਭੇਂਟ ਕੀਤੇ ਗਏ। ਇਸ ਸਮੇਂ ਸ਼ਾਨਦਾਰ ਚਾਹ ਪਾਰਟੀ ਆਯੋਜਿਤ ਕੀਤੀ ਗਈ।

ਬਿਜਲੀ ਮੁਲਾਜ਼ਮ ਦੀ ਕੁੱਟਮਾਰ ਵਿਰੁੱਧ ਜ਼ਬਰਦਸਤ ਪ੍ਰਦਰਸ਼ਨ

ਖਰੜ (ਹਰਨਾਮ ਸਿੰਘ ਡੱਲਾ)-ਜੁਆਇੰਟ ਐਕਸਨ ਕਮੇਟੀ ਖਰੜ ਦੇ ਸੱਦੇ 'ਤੇ ਖਰੜ ਡਵੀਜਨ ਦੇ ਬਿਜਲੀ ਕਾਮਿਆਂ ਨੇ ਖਰੜ ਦੇ ਡਵੀਜਨਲ ਦਫਤਰ ਸਾਹਮਣੇ ਜਬਰਦਸਤ ਪ੍ਰਦਰਸ਼ਨ ਕੀਤਾ। ਮਾਮਲਾ ਹੈ ਕਿ ਇੱਥੋਂ ਦੇ ਪੱਕੇ ਬਿਜਲੀ ਕਾਮੇਂ ਨਰਿੰਦਰ ਸਿੰਘ ਅਸਿਸਟੈਂਟ ਲਾਇਨ ਮੈਨ ਨੂੰ ਕੱਚੇ ਬਿਜਲੀ ਕਾਮਿਆਂ ਨੇ ਅਫਸਰਾਂ ਦੀ ਸਹਿ ਉੱਤੇ ਕੁੱਟ ਕੱਢਿਆ ਸੀ। ਜਿਸ ਸਬੰਧੀ ਬਿਜਲੀ ਕਾਮਿਆਂ ਦੀ ਜੁਆਇੰਟ ਐਕਸਨ ਕਮੇਟੀ ਨੇ ਸਕਾਇਤ ਕਰਕੇ ਕੱਚੇ ਕਾਮਿਆਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਸੀ। ਐੱਸ ਡੀ ਓ ਸਿਟੀ ਖਰੜ ਅਤੇ ਐਕਸੀਅਨ ਮੰਡਲ ਖਰੜ ਨੇ ਇਸ ਮਾਮਲੇ ਨੂੰ ਲਟਕਾਈ ਰੱਖਿਆ ਸੀ। ਇਸ ਧਰਨੇ ਦੀ ਅਗਵਾਈ ਭੁਪਿੰਦਰ ਸਿੰਘ ਪ੍ਰਧਾਨ ਜੁਆਇੰਟ ਐਕਸਨ ਕਮੇਟੀ ਨੇ ਕੀਤੀ। ਉਨ੍ਹਾਂ ਕਿਹਾ ਕਿ ਨਰਿੰਦਰ ਸਿੰਘ ਸਹਾਇਕ ਲਾਇਨਮੈਨ ਨਾਲ ਕੱਚੇ ਕਾਮਿਆਂ ਵੱਲੋਂ ਕੁੱਟਮਾਰ ਕਰਨ ਵਾਲੇ ਦੋਸ਼ੀਆਂ ਅਤੇ ਸਿਟੀ ਖਰੜ ਅੰਦਰ ਮਦਨ ਲਾਲ ਸਹਾਇਕ ਲਾਇਨਮੈਨ ਨੂੰ ਕਰੰਟ ਲਗਾਉਣ ਵਾਲੇ ਦੋਸ਼ੀਆਂ ਖਿਲਾਫ ਖਰੜ ਸਿਟੀ 1 ਦੇ ਐੱਸ ਡੀ ਓ ਅਤੇ ਐਕਸੀਅਨ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਜਦੋਂ ਕਿ ਇਸ ਬਾਰੇ ਲਿਖਤੀ ਅਤੇ ਜੁਬਾਨੀ ਤੌਰ 'ਤੇ ਕਈ ਵਾਰ ਮੀਟਿੰਗਾਂ ਕਰਕੇ ਉਨ੍ਹਾਂ ਨੂੰ ਜਾਣੂ ਕਰਵਾਇਆ ਜਾ ਚੁੱਕਾ ਹੈ ਪਰ ਐਕਸੀਅਨ ਖਰੜ ਨੇ ਹਰ ਵਾਰ ਟਾਲ ਮਟੋਲ ਵਾਲਾ ਰੱਵਈਆ ਅਪਣਾਈ ਰੱਖਿਆ ਸੀ, ਜਿਸ ਕਾਰਨ ਮੁਲਾਜ਼ਮਾਂ ਵਿੱਚ ਭਾਰੀ ਰੋਸ ਹੈ । ਡਿਵੀਜਨ ਪ੍ਰਧਾਨ ਭੁਪਿੰਦਰ ਸਿੰਘ ਨੇ ਕਿਹਾ ਕਿ ਜੇਕਰ ਕੱਚੇ ਕਾਮਿਆਂ ਵਲੋਂ ਕੀਤੀ ਗਈ ਕੁੱਟ ਮਾਰ ਲਈ ਉਨ੍ਹਾਂ ਖਿਲਾਫ ਕਾਰਵਾਈ ਨਾ ਕੀਤੀ ਗਈ ਤਾਂ ਅਗਲੇ ਸੰਘਰਸ਼ ਵਿੱਚ ਸਾਰੀਆਂ ਸਬ ਡਵੀਜਨਾਂ ਵਿੱਚ 07/12/23 ਤੱਕ ਨਿਗਮ ਦੇ ਐਕਸੀਅਨ ਅਤੇ ਐੱਸ ਡੀ ਓ ਸਿਟੀ 1 ਖਿਲਾਫ ਅਰਥੀ ਫੂਕ ਮੁਜਾਹਰੇ ਕੀਤੇ ਜਾਣਗੇ ਅਤੇ ਯੂਨੀਅਨ ਵਲੋਂ ਅੱਜ ਤੋਂ ਹੀ ਵਰਕ ਟੂ ਰੂਲ ਲਾਗੂ ਕਰ ਦਿੱਤਾ ਗਿਆ ਹੈ। ਇਹ ਸੰਘਰਸ਼ ਇਨਸਾਫ ਦੀ ਪ੍ਰਾਪਤੀ ਤੱਕ ਜਾਰੀ ਰੱਖਿਆ ਜਾਵੇਗਾ। ਇਸ ਰੈਲੀ ਨੂੰ ਭੁਪਿੰਦਰ ਸਿੰਘ ਪ੍ਰਧਾਨ ਜੁਆਇੰਟ ਐਕਸਨ ਕਮੇਟੀ, ਜੁਆਇੰਟ ਫੋਰਮ ਆਗੂ ਸੁਖਵਿੰਦਰ ਸਿੰਘ ਦੁੱਮਣਾ, ਸਾਬਕਾ ਸਰਕਲ ਪ੍ਰਧਾਨ ਬਲਵਿੰਦਰ ਸਿੰਘ,ਪਰਮਜੀਤ ਸਿੰਘ ਸਰਕਲ ਸਕੱਤਰ, ਸੁਰਮੁੱਖ ਸਿੰਘ ਸਰਕਲ ਪ੍ਰਧਾਨ ਮੋਹਾਲੀ, ਸਰਕਲ ਸਕੱਤਰ ਸਵਰਨਜੀਤ ਸਿੰਘ, ਬਲਜਿੰਦਰ ਸਿੰਘ ਡਿਵੀਜਨ ਸਕੱਤਰ, ਹਰਨਾਮ ਸਿੰਘ ਡੱਲਾ, ਭਾਰਤੀ ਨਿਰਮਾਣ ਮਿਸਤਰੀ ਯੂਨੀਅਨ ਖਰੜ ਨੇ ਸੰਬੋਧਨ ਕੀਤਾ। ਇਸ ਰੈਲੀ ਵਿੱਚ ਯੋਗਰਾਜ ਸਿੰਘ ਪ੍ਰਧਾਨ ਸਿਟੀ ਖਰੜ, ਬਲਵਿੰਦਰ ਸਿੰਘ ਮੀਤ ਪ੍ਰਧਾਨ ਸਿਟੀ ਖਰੜ ,ਗੁਰਬਚਨ ਸਿੰਘ ਘੜੂੰਆਂ, ਬਲਵਿੰਦਰ ਸਿੰਘ ਘੜੂੰਆਂ, ਸੁਖਵਿੰਦਰ ਸਿੰਘ ਕੁਰਾਲੀ, ਰਣਜੋਧ ਸਿੰਘ ਕੁਰਾਲੀ, ਸੁਖਜਿੰਦਰ ਸਿੰਘ ਮੋਰਿੰਡਾ, ਸ਼ੇਰ ਸਿੰਘ ਸਕੱਤਰ ਖਰੜ, ਸੋਹਣ ਸਿੰਘ ਮੋਰਿੰਡਾ ਨਿਰਮਲ ਸਿੰਘ ਪ੍ਰਧਾਨ ਮਾਜਰਾ ਆਦਿ ਸ਼ਾਮਿਲ ਹੋਏ।

ਵਿਜੀਲੈਂਸ ਜਾਗਰੂਕਤਾ ਹਫਤਾ ਮਨਾਇਆ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਵਿਜੀਲੈਂਸ ਜਾਗਰੂਕਤਾ ਹਫਤਾ ਮਨਾਉਂਦੇ ਹੋਏ ਵਿਜੀਲੈਂਸ ਵਿਭਾਗ ਹੁਸ਼ਿਆਰਪੁਰ ਵੱਲੋਂ ਸਰਕਾਰੀ ਕੰਨਿਆ ਸੈਕੰਡਰੀ ਸਮਾਰਟ ਸਕੂਲ ਰੇਲਵੇ ਮੰਡੀ ਵਿਖੇ ਪ੍ਰਿੰਸੀਪਲ ਸ੍ਰੀਮਤੀ ਲਲਿਤਾ ਰਾਣੀ ਦੀ ਯੋਗ ਅਗਵਾਈ ਹੇਠ ਪੇਂਟਿੰਗ ਅਤੇ ਲੇਖ ਮੁਕਾਬਲੇ ਕਰਵਾਏ ਗਏ। ਇਸ ਪ੍ਰਤੀਯੋਗਿਤਾ ਵਿੱਚ ਬੀਐਸਐਨਐਲ ਵਿਭਾਗ ਵੱਲੋਂ ਸਿਮਰਜੀਤ ਸਿੰਘ ਬਿਆੜਾ ਵਿਜੀਲੈਂਸ ਅਫਸਰੀ ਅਮਿਤ ਗੁਪਤਾ ਜੇਏਓ ਅਤੇ ਅਮਿਤ ਭੱਲਾ ਜੇਟੀਓ ਨੇ ਹਾਜਰੀ ਲਗਵਾਈ ਤੇ ਭ੍ਰਿਸ਼ਟਾਚਾਰ ਖਤਮ ਕਰਨ ਲਈ ਬੱਚਿਆਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਨੂੰ ਕਰਵਾਉਣ ਵਿੱਚ ਸ੍ਰੀਮਤੀ ਤਰਨਪ੍ਰੀਤ ਕੌਰ ਏਸੀਟੀ ਸ੍ਰੀਮਤੀ ਨੀਰੂ ਸੁਮਰਾ ਅਤੇ ਸ੍ਰੀਮਤੀ ਸਾਕਸੀ ਬਾਲਾ ਨੇ ਯੋਗਦਾਨ ਪਾਇਆ। ਵਿਦਿਆਰਥੀਆਂ ਨੂੰ ਆਏ ਨੁਮਾਇੰਦਿਆਂ ਵੱਲੋਂ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਅ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੂਰਮਹਿਲ ਦੀ ਪੂਰੀ ਇਮਾਰਤ ਬਣਾ ਕੇ ਚਾਲੂ ਕਰਨ ਦੇ ਸਬੰਧ ਵਿੱਚ ਲਗਾਤਾਰ ਲਗਾਏ ਗਏ ਧਰਨੇ ਮੌਕੇ ਸਰਕਾਰੀ ਸਕੂਲ ਬਚਾਓ ਮੋਰਚਾ ਦਾ ਸਾਥ ਦਿੰਦੇ ਹੋਏ ਸੀਨੀਅਰ ਪੱਤਰਕਾਰ ਤੀਰਥ ਚੀਮਾ, ਸੀਨੀਅਰ ਪੱਤਰਕਾਰ ਤਜਿੰਦਰ ਸਿੰਘ ਪ੍ਰਤਾਪ ਪੂਰਾ, ਪੇਂਡੂ ਮਜਦੂਰ ਯੂਨੀਅਨ ਜ਼ਿਲ੍ਹਾ ਪ੍ਰਧਾਨ ਹੰਸ ਰਾਜ ਪੱਬਵਾਂ , ਲੰਬੜਦਾਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਸ਼ੋਕ ਸੰਧੂ, ਟੀਚਰ ਯੂਨੀਅਨ ਦੇ ਆਗੂ ਨੀਟੂ ਪੱਬਵਾਂ, ਮੋਰਚੇ ਦੇ ਕਨਵੀਨਰ ਕਾਮਰੇਡ ਬਾਲ ਕ੍ਰਿਸ਼ਨ ਬਾਲੀ ਤੇ ਹੋਰ । (ਫੋਟੋ ਤੇ ਵੇਰਵਾ : ਬਾਲੀ)

ਜੰਡਪੁਰ ਰੋਡ ਦੀ ਨਵ-ਉਸਾਰੀ ਨਹੀਂ ਤਾਂ ਮੁਰੰਮਤ ਹੀ ਕਰਵਾ ਦੇਵੇ ਸਰਕਾਰ

ਖਰੜ (ਹਰਨਾਮ ਸਿੰਘ ਡੱਲਾ)-ਉਂਝ ਤਾਂ ਲਿੰਕ ਸੜਕਾਂ ਦੀ ਹਾਲਤ ਖਰੜ ਤਹਿਸੀਲ ਵਿੱਚ ਬਹੁਤ ਤਰਸ ਯੋਗ ਦੇਖਣ ਨੂੰ ਮਿਲਦੀ ਹੈ। ਪਰ ਜੰਡਪੁਰ, ਹਰਲਾਲਪੁਰ, ਝੁੰਗੀਆਂ ਅਤੇ ਇਹਨਾਂ ਪਿੰਡਾਂ ਨਾਲ ਵਸੀਆਂ ਕਲੋਨੀਆਂ ਦੇ ਬਾਸ